# ਚਿਰਾਗ

ਅਕਤੂਬਰ –ਦਸੰਬਰ 1992

**October - December 1992**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

ਪੁਸਤਕ ਲੜੀ—2

# ਚਿਰਾਗ

## ਲੇਖਕ ਦੀ ਪ੍ਰਤਿਭਾ

ਉਹ ਭੈੜਾ ਕਲਾਕਾਰ ਹੈ, ਜਿਹੜਾ ਆਪਣੀਆਂ ਰਚਨਾਵਾਂ ਵਿਚ ਸਾਡੇ ਪ੍ਰੋਗਰਾਮ ਦੀਆਂ ਮੱਦਾਂ ਦੀ ਵਿਆਖਿਆ ਕਰਦਾ ਹੈ, ਜਿਸ ਦਾ ਕਿ ਅਸੀਂ ਪਹਿਲਾਂ ਹੀ ਵਿਸਥਾਰ ਦੇ ਚੁੱਕੇ ਹਾਂ। ਸਪਸ਼ਟ ਭਾਂਤ, ਕਲਾਕਾਰ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਹ ਨਵੀਆਂ ਸਮੱਸਿਆਵਾਂ ਉਠਾਵੇ, ਨਵੀਂ ਧਰਤੀ ਪੁੱਟੇ ਅਤੇ ਆਪਣੀ ਦਿੱਭ-ਦ੍ਰਿਸ਼ਟੀ ਨਾਲ ਉਹਨਾਂ ਖੇਤਰਾਂ ਦੇ ਆਰ ਪਾਰ ਪਹੁੰਚ ਸਕੇ ਜਿਹੜੇ ਕਿ ਆਮ ਤੌਰ ਤੇ ਪਾਰ ਕਰਨੇ ਔਖੇ ਹੁੰਦੇ ਹਨ।

ਲੂਣਾਚਾਰਸਕੀ (ਮਾਰਕਸਵਾਦੀ ਆਲੋਚਨਾਂ ਦੀਆਂ ਸਮੱਸਿਆਵਾਂ)



# ਚਿਰਾਗ਼

ਸਾਹਿਤਕ ਪੁਸਤਕ ਲੜੀ-2

ਅਕਤੂਬਰ, ਨਵੰਬਰ, ਦਸੰਬਰ 92

ਸੰਪਾਦਕ :

**ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ :

**ਡਾ: ਕਰਮਜੀਤ ਸਿੰਘ**

**ਸੁਰਜੀਤ ਗਿੱਲ**

ਸਾਲਾਨਾ : 25 ਰੁਪਏ

ਇਕ ਕਾਪੀ : 7 ਰੁਪਏ

ਬਦੇਸ਼ (ਹਵਾਈ ਡਾਕ)

ਵਾਰਸ਼ਿਕ : 150 ਰੁਪਏ

**ਡਾਕ-ਪਤਾ :**

ਪਿੰਡ ਫੱਤੂ ਚੱਕ

ਡਾਕ-ਘਰ ਢਿੱਲਵਾਂ (ਕਪੂਰਥਲਾ)

—144804

ਪ੍ਰਿੰਟਰ ਮਾਲਕ ਤੇ ਪਬਲਿਸ਼ਰ :

ਡਾ: ਅਨੂਪ ਸਿੰਘ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾਕੇ E.J. 272, ਚਹਾਰ ਬਾਗ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।


## ਇਸ ਅੰਕ ਵਿਚ


ਦੋ ਗ਼ਜ਼ਲਾਂ/ਬੀਬਾ ਬਲਵੰਤ/1

ਦੋ ਗ਼ਜ਼ਲਾਂ/ਗੁਰਦੀਪ/2

ਦੋ ਗ਼ਜ਼ਲਾਂ/ਡਾ: ਰਵਿੰਦਰ/ਮੱਖਣ ਕੁਹਾੜ/3

ਕਹਾਣੀ/ਕਾਲਾ ਬੈਗ/ਸੰਤੋਖ ਸਿੰਘ ਧੀਰ/4

ਕਵਿਤਾ/ਸੰਨਾਟਾ/ਪਿਆਰਾ ਸਿੰਘ ਸਹਿਰਾਈ/10

ਗ਼ਜ਼ਲ/ਸੁਰਿੰਦਰ ਸੋਹਲ/11

**ਲੇਖ/ਝਨਾਂ ਦੀ ਰਾਤ ਦਾ ਕਾਵਿ-ਸੰਸਾਰ/ਹਰਭਜਨ ਸਿੰਘ ਹੁੰਦਲ/12**

ਇਕ ਸ਼ਰਧਾਂਜਲੀ/ਮਿਖ਼ਾਇਲ ਸ਼ੋਲੋਖੋਵ/ਰਘੁਬੀਰ ਢੰਡ/36

ਨਜ਼ਮ/ਦੁਖਦਾਈ ਪਲ/ਸੁਖਵਿੰਦਰ/38

ਸਹਿਜ ਚਿੰਤਨ ਦਾ ਕਵੀ-ਦਿਓਲ/ਡਾ: ਬਲਦੇਵ ਸਿੰਘ ਧਾਲੀਵਾਲ/39

ਗ਼ਜ਼ਲ/ਅਕਬਰ ਨਾਜ਼ਮੀ/45

ਪੁਸਤਕ ਪੜਚੋਲ/ਟੁੱਟੇ ਪੱਤੇ/ਸੁਰਜੀਤ ਗਿੱਲ/46

ਕਾਮਰੇਡ ਦੇ ਆਉਣ ਤੱਕ/ਡਾ: ਚਮਨ ਲਾਲ ਪ੍ਰਭਾਕਰ/48

ਸਿਰ ਜੋਗੀ ਛਾਂ/ਡਾ: ਚਮਨ ਲਾਲ ਪ੍ਰਭਾਕਰ/51

ਕੁਆਰ ਗੰਦਲ/ਬਲਦੇਵ ਸਿੰਘ/53

ਲਕੀਰਾਂ/ਡਾ: ਅਨੂਪ ਸਿੰਘ/55

ਕਵਿਤਾ/ਪ੍ਰਸ਼ਨ ਮਾਲਾ/ਨ੍ਰਿਪਇੰਦਰ ਰਤਨ/56

ਮਿੱਤਰਾਂ ਦੇ ਪੱਤਰ/57

ਕਵਿਤਾ/ਸਤੰਬਰ ਵਿਚ ਹਰ ਸਾਲ/ਬਰਤੋਲਤ ਬ੍ਰੈਖ਼ਤ/61

ਰੀਪੋਰਟਾਂ/62

ਪੁਸਤਕ-ਪ੍ਰਾਪਤੀ/64


## ਦੋ ਗ਼ਜ਼ਲਾਂ/ਬੀਬਾ ਬਲਵੰਤ

( 1 )

ਅਸਾਂ ਤੋਂ ਕਾਲਾ ਰੰਗ ਲੈ ਕੇ ਕੁਝ ਇਕ ਤਿਤਲੀਆਂ ਦੇ ਦੇ,
ਉਜੜੇ ਘਰਾਂ ਨੂੰ ਜਾ ਕੇ ਤੂੰ ਇਕ ਦੋ ਮਹਿਫ਼ਲਾਂ ਦੇ ਦੇ ।

ਸਿਰਾਂ ਤੇ ਛੱਤ ਤਨ ਕੱਜਿਆ ਨਾ ਜਿਥੇ ਭੁੱਖ ਦਾ ਰੋਣਾ,
ਮੇਰੇ ਮੌਲਾ ਇਹੋ ਜਹੀ ਅਣਗਿਣੀਂ ਤੂੰ ਬਸਤੀਆਂ ਦੇ ਦੇ ।

ਅੱਖੀਂ ਚਮਕਦੇ ਤਾਰੇ ਤੇ ਬੁੱਲ੍ਹੀਆਂ ਮੁਸਕਣੀ ਭਰੀਆਂ,
ਦਿਲੀਂ ਦਰਿਆ ਜਿਉਂ ਵਗਦੇ ਅਜਿਹੀਆਂ ਢਾਣੀਆਂ ਦੇ ਦੇ ।

ਜਿਥੇ ਦੋ ਘੜੀ ਬਹਿ ਕੇ ਖ਼ੁਸ਼ੀ ਦਾ ਗੀਤ ਮੈਂ ਗਾਵਾਂ,
ਮੈਨੂੰ ਪਰ ਕੱਟੇ ਪੰਛੀ ਨੂੰ ਰੁੱਖ ਦੀਆਂ ਟਾਹਣੀਆਂ ਦੇ ਦੇ ।

ਉਹਨੂੰ ਦੇਵੀਂ ਤੂੰ ਹਿੰਮਤ ਹੌਸਲਾ ਸਾਗਰ 'ਚ ਜੋ ਤਰਦਾ,
ਜੋ ਡੁੱਬਦਾ ਰੇਤ ਵਿਚ ਰਹਿੰਦਾ ਤੂੰ ਉਹਨੂੰ ਕਿਸ਼ਤੀਆਂ ਦੇ ਦੇ ।

( 2 )

ਸੰਤਾਪੇ ਜਿਹੇ ਮੌਸਮ ਤੋਂ ਕੁਝ ਦੇਰ ਲਈ ਇਹ ਮੰਗੀਏ,
ਸੁੱਕਦੇ ਜਾਂਦੇ ਟਾਹਣਾਂ ਉੱਤੇ ਕੁਝ ਤਾਂ ਪੱਤੇ ਟੰਗੀਏ ।

ਬੜੀ ਦੇਰ ਤੋਂ ਕਾਲਾ ਭੂਰਾ ਤੇ ਘਸਮੈਲਾ ਤੱਕਿਆ,
ਸਾਡੇ ਵਿਹੜੇ ਵੀ ਤੂੰ ਆ ਜਾ ਰੁੱਤੇ ਰੰਗ ਬਰੰਗੀਏ,

ਪੈਰ ਪੈਰ ਤੇ ਲਾਸ਼ਾਂ ਵਿਛੀਆਂ ਚੀਕਾਂ ਕੂਕਾਂ ਵੈਣ,
ਕਿਹੜੇ ਘਰ ਦੇ ਦਰ ਤੇ ਜਾ ਕੇ ਸ਼ਗਨਾਂ ਦੇ ਪੱਤ ਟੰਗੀਏ ।

ਲਾਲ ਰੰਗ ਤਾਂ ਬਹੁਤ ਹੋ ਗਿਆ ਕੈਨਵਸ ਮੇਰੀ ਤੇ,
ਆ ਇਸ ਨੂੰ ਹੁਣ ਨੀਲੇ ਪੀਲੇ ਹਰੇ ਰੰਗ ਸੰਗ ਰੰਗੀਏ ।

ਧੋ ਦੇਵੇ ਜੋ ਦਾਗ਼ ਦਿਲਾਂ ਦੇ ਨਫ਼ਰਤ ਹੱਥੋਂ ਲੱਗੇ,
ਪਿਆਰ ਦੇ ਚਸ਼ਮੇ ਕੋਲੋਂ ਜਾ ਕੇ ਦੋ ਘੁੱਟ ਪਾਣੀ ਮੰਗੀਏ ।


ਆਰ. ਆਰ. ਕਲੋਨੀ, ਗੁਰਦਾਸਪੁਰ

## ਦੋ ਗ਼ਜ਼ਲਾਂ/ਗੁਰਦੀਪ

( 1 )

ਕਿਸ਼ਤੀਆਂ ਦੇ ਕਾਫਲੇ ਨੂੰ ਰਹਿਨੁਮਾਂ ਦੀ ਲੋੜ ਕੀ
ਇਸ ਨੂੰ ਮੰਜ਼ਿਲ ਤੇ ਪੁਚਾਏਗੀ ਲਹਿਰ ਦੀ ਦੋਸਤੀ

ਮਾਅਰਕਾ ਹੋਣਾ ਸੀ ਇਹ ਵੀ ਇਕ ਤੇਰੇ ਅਹਿਦ ਵਿਚ
ਦੋਸਤਾਂ ਦੇ ਤਫਰਕੇ ਵਿਚ ਦੁਸ਼ਮਣਾਂ ਦੀ ਸਾਲਸੀ

ਬੈਠਕੇ ਇਕ ਸ਼ਾਮ ਆਪਾਂ ਵੰਡ ਲਈਏ ਉਲਝਣਾਂ
ਹੋਣ ਹੀ ਲਗੇ ਹਾਂ ਜੇ ਇਸ ਵਾਰ ਆਪਾਂ ਅਜਨਬੀ

ਪੁੱਛਦੇ ਹੋ ਕੀ ਬਸ਼ਰ ਦਾ ਹਾਲ ਸਾਡੇ ਤੋਂ ਤੁਸੀਂ
ਇਕ ਸਹਰ ਆਈ ਸੀ ਹਿੱਸੇ ਉਹ ਵੀ ਬਸ ਤੁਰਦੀ ਬਣੀ

ਹਾਲ ਹੈ ਇਹ ਆਪਣਾ ਕਿ ਹੋਸ਼ ਦੀ ਕੀਮਤ ਤੇ ਹੀ
ਦਰਦ ਹੱਥੋਂ ਹੈ ਅਸੀਂ ਆਰਾਮ ਪਾਇਆ ਦੋ ਘੜੀ

( 2 )

ਕਾਫਲੇ ਉਲਝਾ ਰਹੇ ਨੇ ਰਾਹਜ਼ਨ
'ਕੱਠ ਤੋਂ ਘਬਰਾ ਰਹੇ ਨੇ ਰਾਹਜ਼ਨ

ਅੱਡ ਹੋ ਕੇ ਸਾਥੀਆਂ ਤੋਂ ਤੁਰਨ ਦੇ
ਫਾਇਦੇ ਸਮਝਾ ਰਹੇ ਨੇ ਰਾਹਜ਼ਨ

ਬੰਦ ਰਸਤਾ ਜੋ ਕਿਤੇ ਜਾਣਾ ਨਹੀਂ
ਉਸ ਤੇ ਸਾਨੂੰ ਪਾ ਰਹੇ ਨੇ ਰਾਹਜ਼ਨ

ਕਾਫਲੇ ਦੀ ਰੱਖਿਆ ਦਾ ਮੁਆਮਲਾ
ਫੇਰ ਉਸ ਤੇ ਆ ਰਹੇ ਨੇ ਰਾਹਜ਼ਨ

ਗੱਲ ਸੌਖੀ ਨਾ ਬਣਨ ਤੇ ਐਤਕੀਂ
ਕਿਸ ਕਦਰ ਘਬਰਾ ਰਹੇ ਨੇ ਰਾਹਜ਼ਨ

ਭੁੱਲਿਆਂ ਲਈ ਦਹਿਸ਼ਤਾਂ ਦੀ ਦਾਸਤਾਂ
ਮੁੱਢ ਤੋਂ ਦੁਹਰਾ ਰਹੇ ਨੇ ਰਾਹਜ਼ਨ

ਆਪਣੇ ਚਿਹਰੇ ਤੋਂ ਪਰਦਾ ਚੁੱਕ ਕੇ
ਕੀ ਵਿਖਾਲਣ ਜਾ ਰਹੇ ਨੇ ਰਾਹਜ਼ਨ

ਪਤਾ : ਰੇਸ਼ਮ ਮਾਜਰੀ, ਵਾਇਆ ਡੋਈ ਵਾਲਾ, ਦੇਹਰਾਦੂਨ (ਯੂ. ਪੀ.)



## ਗ਼ਜ਼ਲ/ਡਾ. ਰਵਿੰਦਰ

ਇਸ ਬੇਰੰਗੇ ਮੌਸਮ ਵਿਚ ਰੰਗਲੇ ਸੁਪਨੇ ਨਾ ਵੇਖ,
ਸੋਚਾਂ ਵਿਚ ਕੰਡੇ ਰੜਕਣਗੇ ਤੇ ਅੱਖਾਂ ਵਿਚ ਰੇਤ ।

ਤੂੰ ਤਾਂ ਆਪ ਕਿਹਾ ਸੀ ਮੇਰੇ ਗੀਤ ਸੰਭਾਲ ਲਵੀਂ,
ਫਿਰ ਕਿਓਂ ਆਪੇ ਬਣਿਓਂ ਖ਼ਾਲੀ ਸਫ਼ਿਆਂ ਦਾ ਸਿਰਲੇਖ ।

ਜਾਂਦੀ ਹੋਈ ਲਿਖ ਗਈ ਮੇਰੇ ਬੂਹੇ ਉਤੇ ਉਹ,
ਮੈਂ ਨਾ ਪੌਣ, ਨਦੀ, ਨਾ ਖੁਸ਼ਬੂ, ਨਾ ਸਾਹਾਂ ਦਾ ਸੇਕ ।

ਜੇ ਤੇਰੇ ਹੋਠਾਂ ਦੀ ਛੋਹ ਹੈ ਵਰਜਿਤ ਇਹਦੇ ਲਈ,
ਫਿਰ ਤੇਰੇ ਪੋਟੇ ਕਿਉਂ ਛੇੜਨ ਇਸ ਵੰਝਲੀ ਦੇ ਛੇਕ ।

ਕੀ ਸੱਚ ਸੀ, ਕੀ ਕੱਚ ਸੀ ਤੇਰੇ ਚਿਹਰੇ ਤੇ ਲਿਖਿਆ,
ਹਾਸਾ, ਰੋਸਾ, ਗੁੱਸਾ, ਹੰਝੂ ਸਭ ਨਾਟਕ ਦਾ ਵੇਸ ।

ਨਾ ਕੋਈ ਏਥੇ ਜ਼ਹਿਰ ਪਿਆਲਾ, ਨਾ ਖੰਜਰ ਤਲਵਾਰ,
ਕੀਕਣ ਸੱਚ ਦਾ ਕਤਲ ਹੋਏਗਾ, ਸੋਚ ਰਿਹਾ ਦਰਵੇਸ਼ ।

ਜੇਕਰ ਸ਼ਬਦ ਸਲਾਮ ਨਾ ਕਰਦੇ, ਰਾਜੇ ਦੇ ਦਰਬਾਰ,
ਲਹੂ ਨਾਲ ਨਾ ਲਿਖੇ ਜਾਂਦੇ, ਇਸ ਧਰਤੀ ਦੇ ਲੇਖ ।

ਸਰਕੂਲਰ ਰੋਡ, ਬਟਾਲਾ

## ਗ਼ਜ਼ਲ/ਮੱਖਣ ਕੁਹਾੜ

ਚੰਦਰੇ ਮੌਸਮ ! ਝੱਖੜ ਨੂੰ ਕਹਿ ਬੱਸ ਕਰੇ ਰੁਕ ਜਾਵੇ,
ਟਾਹਣ ਵਿਹੂਣੇ ਹੋ ਗਏ ਪਿੱਪਲ ਹੋਰ ਕਹਿਰ ਨਾ ਢਾਵੇ ।
ਪਿੰਡ ਪਿਆ ਜਦ ਛੱਡਣਾ ਸਾਨੂੰ ਵਾਹਦਾ ਚੇਤੇ ਆਇਆ,
'ਆਪਣੇ ਦੇਸ਼ 'ਚ ਰਹਿ ਸਕਦਾ ਹੈ ਜਿੱਥੇ ਵੀ ਕੋਈ ਚਾਹਵੇ।'
ਜੀਅ ਕਰਦੈ ਇਕ ਸਿਖਰ-ਦੁਪਿਹਰਾ ਐਸਾ ਪਿੰਡ 'ਚ ਕੱਟਾਂ,
ਤਾਇਆ 'ਨਾਮ੍ਹਾਂ', ਬੋਹੜ ਦੇ ਹੇਠਾਂ, ਮਿਰਜ਼ੇ ਦੀ ਸੱਦ ਲਾਵੇ।
ਸਾਵਣ ਲੰਘੇ, ਚੇਤਰ ਲੰਘੇ, ਲੰਘ ਗਈਆਂ ਕਈ ਰੁੱਤਾਂ,
ਦਿਲ ਵਿਹੜੇ 'ਚੋਂ ਪਿਆਰ ਦਾ ਬੂਟਾ, ਐਪਰ ਸੁਕਦਾ ਜਾਵੇ।
ਚਿੜੀਓ ਨੀ ਚਹਿਕਣ ਨਾ ਭੁਲਿਉ, ਬਿਰਖੋ ਸੁਕ ਨਾ ਜਾਇਓ,
ਝੱਖੜ ਦਾ ਦਸਤੂਰ ਹੈ ਕਿ ਇਹ ਖੁਦ-ਬਾ-ਖੁਦ ਮਰ ਜਾਵੇ ।
ਸੜਦਾ ਅੰਬਰ, ਤਪਦੀ ਧਰਤੀ, ਕਹਿਰ ਹਨੇਰੀ ਝੁੱਲੀ,
ਅਸ਼ਕੇ ਉਸ ਗੁਲਸ਼ਨ ਦੇ ਜਿਹੜਾ ਫਿਰ ਵੀ ਮੌਲੀ ਜਾਵੇ ।
ਕਿਸ ਕਿਸ ਰੁੱਖ ਦੇ ਟਾਹਣੇ ਟੁੱਟੇ, ਕਿੰਨੀਆਂ ਚਿੜੀਆਂ ਮਰੀਆਂ,
ਪਿੰਡੋਂ ਆਉਂਦੀ ਸੜਕ ਨੂੰ ਕਹੀਏ, ਰਾਤ ਦੀ ਖਬਰ ਸੁਣਾਵੇ।
ਕਿੰਨੇ ਤਾਰੇ ਟੁੱਟ ਗਏ ਨੇ, ਕਿੰਨੇ ਚੰਨ ਗਵਾਚੇ,
ਕੈਸਾ ਹੈ ਅੰਬਰ ਦਾ ਜੇਰਾ, ਸਭ ਕੁਝ ਜਰਦਾ ਜਾਵੇ ।

ਅਮਨ ਨਗਰ, ਹਰਦੋ ਛੰਨੀ ਰੋਡ, ਗੁਰਦਾਸਪੁਰ

# ਕਾਲਾ ਬੈਗ

ਸੰਤੋਖ ਸਿੰਘ ਧੀਰ

ਬਹੁਤ ਖ਼ੂਬਸੂਰਤ ਸੀ ਮੇਰਾ ਇਹ ਕਾਲੇ ਰੰਗ ਦਾ ਬੈਗ। ਇੰਗਲੈਂਡ ਦਾ ਬਣਿਆ ਹੋਇਆ ਸੀ। ਕੋਈ ਮਿੱਤਰ, ਤੁਹਫ਼ੇ ਵਜੋਂ, ਮੇਰੇ ਲਈ ਲੈ ਕੇ ਆਇਆ ਸੀ। ਅਜਿਹਾ ਬੈਗ ਚਾਹੀਦਾ ਹੈ ਸਾਡੇ ਯਾਰ ਪਠਾਣੀਏ ਕੋਲ। ਸਾਰੀ ਉਮਰ ਲਾ ਬੈਠਾ ਹੈ ਇਨਕਲਾਬੀ ਕੰਮਾਂ ਵਿਚ। ਫਟੇ ਹਾਲ ਹੀ ਰਿਹਾ ਹੈ। ਅਜਿਹਾ ਬੈਗ ਚਾਹੀਦਾ ਹੈ, ਆਪਣੇ ਕੰਮਾਂ-ਕਾਰਾਂ ਲਈ, ਉਹਨੂੰ। ਇਸ ਵਿਚ ਕੁਝ ਚੰਗੇ ਕਾਗਜ਼-ਪੱਤਰ ਵੀ ਪੈ ਸਕਦੇ ਹਨ, ਤੇ ਇਕ-ਦੋ ਕੱਪੜੇ ਆਦਿ ਵੀ। ਤੁਰਦਾ-ਫਿਰਦਾ ਰਹਿੰਦਾ ਹੈ। ਅਜਿਹਾ ਬੈਗ ਚਾਹੀਦਾ ਹੈ। ਟੁਚੀਅਲ ਵਜ਼ੀਰਾਂ ਕੋਲ ਚੰਗੇ-ਚੰਗੇ ਬੈਗ ਹਨ, ਗੰਦੇ, ਭ੍ਰਿਸ਼ਟਾਚਾਰੀਆਂ ਕੋਲ; ਸਾਡਾ ਯਾਰ ਪਠਾਣੀਆ ਤਾਂ...ਆਉਣ ਵਾਲੇ ਯੁੱਗ ਦਾ ਸਿਤਾਰਾ ਕਹੋ, ਜਾਂ ਚੰਨ-ਸੂਰਜ। ਸਾਰੀ ਉਮਰ ਲਾ ਦਿੱਤੀ ਹੈ...।' ਅਤੇ ਇਹ ਬੈਗ, ਪਿਆਰ ਨਾਲ, ਮੈਨੂੰ ਦੇ ਦਿੱਤਾ ਗਿਆ ਸੀ।

ਸੱਚਮੁੱਚ, ਬਹੁਤ ਹੀ ਖ਼ੂਬਸੂਰਤ ਸੀ ਇਹ ਮੇਰਾ ਬੈਗ। ਚਮਕਦਾਰ ਕਾਲਾ ਰੰਗ। ਤਣਿਆ ਹੋਇਆ ਜਿਸਮ, ਇਕ ਵੀ ਝੁਰੜੀ ਕਿਸੇ ਪਾਸੇ ਨਜ਼ਰ ਨਹੀਂ ਸੀ ਆਉਂਦੀ ਪਈ। ਉਤੇ, ਫੜ ਕੇ ਚੁਕਣ ਲਈ ਜੋ ਹੈਂਡਲ ਬਣਿਆ ਹੋਇਆ ਸੀ, ਉਸ ਵਿਚੋਂ ਇਕ ਚੌੜਾ ਪੱਲਾ ਲੰਘ ਕੇ ਉਪਰ ਆਉਂਦਾ ਸੀ ਤੇ ਉਹਦੇ ਅਗਲਾ ਔਂਕੜਾ ਇਕ ਤਾਲੇ ਵਿਚ ਫਸ ਜਾਂਦਾ ਸੀ। ਤਾਲਾ ਬਹੁਤ ਵਧੀਆ ਸੀ। ਕੜਿੱਚ ਕਰ ਕੇ ਅੜਦਾ ਤੇ ਕਦੇ ਲੂਜ਼ ਨਹੀਂ ਹੁੰਦਾ ਸੀ। ਅੜ ਗਿਆ ਸੋ ਅੜ ਗਿਆ। ਕਮਾਲ ਦੀ ਐਕਿਉਰੇਸੀ ਸੀ।

ਟਾਂਕੇ ਬਹੁਤ ਖ਼ੂਬਸੂਰਤ। ਲੰਮੇ-ਲੰਮੇ, ਖੁਭੇ ਹੋਏ, ਤੇ ਉੱਭਰੇ-ਉੱਭਰੇ ਹੋਏ ਵੀ। ਧਾਗਾ, ਸ਼ਾਇਦ, ਰੇਸ਼ਮੀ ਸੀ। ਪਰ ਵੱਟ ਕੇ ਗੋਲ ਕੀਤਾ ਹੋਇਆ। ਜਿਵੇਂ ਚਮੜੇ ਵਿਚੋਂ ਹੀ ਉਗਮ ਪਿਆ ਹੋਵੇ। ਉਸ ਵਿਚ ਖਪਿਆ ਹੋਇਆ ਵੀ ਤੇ ਉਸ ਤੋਂ ਵੱਖਰਾ-ਵੱਖਰਾ ਵੀ। ਇਹ ਵੀ ਉਸ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਰਿਹਾ ਸਾ।

ਜੋੜ ਕਿਵੇਂ ਇਕ-ਦੂਜੇ ਨਾਲ ਜੋੜੇ ਹੋਏ ਜਾਂ ਬੀੜੇ ਹੋਏ, ਇਹ ਮੈਂ ਦੱਸ ਹੀ ਨਹੀਂ ਸਕਦਾ। ਜੋੜਾਂ ਲਾਗੇ ਬੜੀਆਂ ਸੁੰਦਰ ਪਾਈਪਨਾਂ ਬਣ ਗਈਆਂ ਹੋਈਆਂ। ਕੋਈ ਥੋੜਾ ਅੰਦਰ ਨੂੰ ਤੇ ਕੋਈ ਥੋੜਾ ਬਾਹਰ ਨੂੰ। ਇਹਨਾਂ ਲਾਗੋਂ ਲੰਮੇ-ਲੰਮੇ ਟਾਂਕਿਆਂ ਦੀ ਲੰਘਦੀ ਲੜੀ। ਅਜਿਹੇ ਟਾਂਕੇ ਇੰਗਲਿਸਤਾਨ ਵਿਚ ਹੀ ਲੱਗ ਸਕਦੇ ਸਨ। ਸਾਡੇ ਵੀ ਲੱਗ ਸਕਦੇ ਹਨ, ਪਰ ਸਾਡੇ ਟਾਂਕੇ...ਇੰਗਲੈਂਡ ਦੇ ਟਾਂਕੇ ਸਾਡੇ ਨਾਲੋਂ ਦੋ ਸੌ ਸਾਲ ਅੱਗੇ ਹਨ। ਅਸੀਂ, ਅਜਿਹੇ ਟਾਂਕੇ, ਦੋ ਸੌ ਸਾਲ ਨੂੰ ਲਾ ਸਕਾਂਗੇ। ਉਹ ਵੀ, ਜੇ ਲਾਉਣੇ ਚਾਹੇ।

ਮੇਰੀ, ਇਸ ਬੈਗ ਨਾਲ, ਕੁਝ ਸ਼ਾਨ ਜਿਹੀ ਬਣ ਗਈ ਸੀ। ਸ਼ਾਨ ਮੇਰੀ ਪਹਿਲਾਂ ਵੀ ਸੀ, ਪਰ ਉਹ ਉਹਨਾਂ ਲਈ ਸੀ ਜੋ ਮੈਨੂੰ ਅਤੇ ਮੇਰੇ ਕੰਮ ਦੀ ਉੱਤਮਤਾ ਨੂੰ ਜਾਣਦੇ ਸਨ। ਜਿਹੜੇ ਮੈਨੂੰ ਮੇਰੇ ਬਾਹਰੀ ਰੂਪ ਤੋਂ ਹੀ ਤੱਕਦੇ ਸਨ, ਮੇਰੇ ਜੁੱਤੀ-ਕੱਪੜੇ ਤੋਂ, ਉਹਨਾਂ ਲਈ



ਮੈਂ ਕਿਸੇ ਅਜਿਹੀ ਸ਼ਾਨ ਦਾ ਮਾਲਿਕ ਨਹੀਂ ਸਾਂ। ਉਹਨਾਂ ਦੀ ਸ਼ਾਨ ਸੀ ਅਮੀਰਾਂ ਦੀ, ਵਜ਼ੀਰਾਂ ਦੀ, ਕੋਠੀਆਂ ਕਾਰਾਂ ਵਾਲਿਆਂ ਦੀ। ਇਸ ਲਈ, ਇਸ ਬੈਗ ਨਾਲ, ਮੇਰੀ ਜੋ ਸ਼ਾਨ ਬਣੀ ਸੀ, ਇਹ ਉਹਨਾਂ ਲਈ ਹੀ ਬਣੀ ਸੀ ਜੋ ਮੈਨੂੰ ਕੇਵਲ ਮੇਰੇ ਬਾਹਰੀ ਰੂਪ ਤੋਂ ਹੀ ਤੱਕਦੇ ਸਨ—ਮੇਰੇ ਜੁੱਤੀ-ਕੱਪੜੇ ਤੋਂ। ਅਤੇ ਇਹ ਚੰਗੀ ਗੱਲ ਸੀ। ਜਿਨ੍ਹਾਂ ਨੂੰ ਮੈਂ ਉਂਜੇ ਮਾੜਾ-ਮੋਟਾ ਜਿਹਾ ਨਜ਼ਰ ਆਉਂਦਾ ਸਾਂ, ਉਹਨਾਂ ਨੂੰ ਵੀ ਕੁਝ ਨਾ ਕੁਝ ਮੈਂ ਸ਼ਾਨ ਵਾਲਾ ਲੱਗ ਰਿਹਾ ਸਾਂ। ਕਿਸੇ ਇਕ ਨੇ ਕਿਹਾ ਵੀ ਸੀ: "ਪਠਾਣੀਆ ਜੀ, ਤੁਹਾਡਾ ਬੈਗ ਬਹੁਤ ਖ਼ੂਬਸੂਰਤ ਐ! ਇਉਂ ਲੱਗਦੈ ਜਿਵੇਂ ਕਿਸੇ ਵਜ਼ੀਰ ਦਾ ਬੈਗ ਹੁੰਦਾ ਏ!"

ਮੈਂ ਵਜ਼ੀਰ ਨਹੀਂ ਸਾਂ, ਪਰ ਮੈਂ ਕਿਸੇ ਵਜ਼ੀਰ ਨਾਲੋਂ ਆਪਣੇ ਆਪ ਨੂੰ ਸਦਾ ਹੀ ਉਚੇਰਾ ਸਮਝਦਾ ਰਿਹਾ ਹਾਂ। ਕੀ ਹਨ ਵਜ਼ੀਰ ਇਹ—ਖ਼ਾਸ ਕਰ ਕੇ ਸਾਡੇ ਦੇਸ਼ ਦੀਆਂ ਪੂੰਜੀਵਾਦੀ ਪਾਰਟੀਆਂ ਦੇ? ਘਟੀਆ, ਕੁਰਪਟ, ਸਕੈਂਡਲਾਂ ਨਾਲ ਲਥ-ਪਥ। ਮੈਂ ਕਮਿਊ-ਨਿਸਟ ਪਾਰਟੀ ਦਾ ਸੱਚਾ ਸੁੱਚਾ ਕਾਰਕੁਨ। ਕੁਲ-ਵਕਤੀ ਕਾਰਕੁਨ। ਚਾਲੀ ਵਰ੍ਹੇ ਹੋ ਚੁੱਕੇ ਹਨ ਮੈਨੂੰ ਕੁਲ-ਵਕਤੀ ਬਣਿਆਂ। ਚਾਲੀ ਵਰ੍ਹੇ ਤੋਂ ਲਗਾਤਾਰ ਕੁਲ-ਵਕਤੀ ਚਲਿਆ ਆ ਰਿਹਾ ਹਾਂ। ਇਸ ਲਈ ਕਿਸੇ ਵਜ਼ੀਰ ਨਾਲ ਮੈਨੂੰ ਉਪਮਾ ਦਿੱਤੀ ਜਾਣੀ ਮੇਰੇ ਨਾਲ ਅਨਿਆਂ ਹੈ। ਹੇਠੀ ਵੀ ਹੈ ਮੇਰੀ ਇਹ। ਪਰ ਲੋਕੀ ਇਹਨੂੰ ਹੇਠੀ ਨਹੀਂ, ਇੱਜ਼ਤ-ਮਾਣ ਹੀ ਸਮਝਦੇ ਹਨ। ਇਸ ਤੋਂ ਬਿਨਾਂ ਅਜਿਹੇ ਲਫ਼ਜ਼ ਮੁਹਾਵਰਾ ਵੀ ਬਣ ਜਾਂਦੇ ਹਨ। ਜਿਵੇਂ: 'ਤੂੰ ਤਾਂ ਰਾਜਾ ਲੱਗਦਾ ਏਂ!" ਭਾਵੇਂ ਅੱਜ ਰਜਵਾੜਾਸ਼ਾਹੀ ਖਤਮ ਹੁੰਦੀ ਜਾ ਰਹੀ ਹੈ ਤੇ ਚੰਗੇ ਲੋਕ ਰਾਜਾ ਹੋਣ ਨੂੰ ਚੰਗਾ ਨਹੀਂ ਸਮਝਦੇ।

ਮੈਂ ਸ਼ਾਨਦਾਰ ਬੰਦਾ ਸਾਂ। ਇਸ ਬੈਗ ਤੋਂ ਬਿਨਾਂ ਵੀ। ਕਿਉਂਕਿ ਮੇਰਾ ਜੋ ਕੰਮ ਸੀ, ਉਹ ਅਤੀ ਸ਼ਾਨਦਾਰ ਸੀ। ਮੈਂ ਭਾਰਤ ਵਿਚ ਸਮਾਜਵਾਦੀ ਸਮਾਜ ਲਈ ਲੜ ਰਿਹਾ ਸਾਂ। ਜਿਸ ਨੇ ਮੈਨੂੰ, ਪਿਆਰ ਨਾਲ, ਇਹ ਬੈਗ ਭੇਟ ਕੀਤਾ ਸੀ, ਉਸ ਨੇ ਮੇਰੀ ਤੇ ਮੇਰੇ ਕੰਮ ਦੀ ਸ਼ਾਨ ਨੂੰ ਪਹਿਚਾਣਿਆ ਸੀ। ਅਤੇ ਇਹ ਵੀ ਕਿਹਾ ਸੀ ਕਿ ਕੀ ਹੈ ਇਹ ਤੁੱਛ ਜਿਹਾ ਬੈਗ! ਬਹੁਤ ਮਾਮੂਲੀ ਚੀਜ਼ ਹੈ ਇਹ। ਮੇਰੇ ਕੋਲ ਤਾਂ ਹੋਰ ਵੀ ਵਧੇਰੇ ਕੁਝ ਹੋਣਾ ਚਾਹੀਦਾ ਹੈ ਜਿਸ ਨਾਲ ਮੈਂ ਹੋਰ ਵੀ ਸਹੂਲਤਾਂ ਨਾਲ ਕੰਮ ਕਰਾਂ। ਪਰ ਕੀ ਕਰੇ, ਉਹ ਇਹੀਓ ਤੁੱਛ ਜਿਹੀ ਚੀਜ਼ ਭੇਟ ਕਰ ਸਕਦਾ ਹੈ। ਭਾਵੇਂ ਇਹ ਤੁੱਛ ਨਹੀਂ ਸੀ।

ਹੁਣ ਤਕ ਮੈਂ ਦੇਸ਼ ਲਈ ਸਮਾਜਵਾਦ ਚਾਹੁਣ ਵਾਲਾ ਇਕ ਕਮਿਊਨਿਸਟ ਕਾਰਕੁਨ ਹੀ ਏਥੇ ਨਜ਼ਰ ਆਇਆ ਹਾਂ। ਪਰ ਨਹੀਂ, ਮੈਂ ਇਸ ਤੋਂ ਬਿਨਾਂ ਹੋਰ ਵੀ ਬਹੁਤ ਕੁਝ ਹਾਂ: ਮੈਂ ਪਿਤਾ ਹਾਂ, ਪੁੱਤਰ ਹਾਂ, ਪਤੀ ਹਾਂ, ਭਰਾ ਹਾਂ। ਭਰਾ ਮੈਂ ਬਹੁਤ ਚੰਗਾ ਹਾਂ। ਪੁੱਤਰ ਵੀ ਮੈਂ ਚੰਗਾ ਹਾਂ। ਪਿਤਾ ਅਤੇ ਪਤੀ ਮੈਂ ਬਹੁਤਾ ਚੰਗਾ ਨਹੀਂ ਰਿਹਾ। ਮੇਰਾ ਜੀਵਨ ਇਹਨਾਂ ਸਾਰੇ ਰਿਸ਼ਤਿਆਂ ਦੀ ਉਦਾਹਰਣ ਹੈ।

ਕਈ ਭੈਣ-ਭਰਾ ਹਾਂ ਅਸੀਂ। ਸਭ ਤੋਂ ਵੱਡਾ ਮੈਂ ਹਾਂ—ਗਿਆਨ ਚੰਦ ਪਠਾਣੀਆ। ਇਕ ਮੇਰਾ ਛੋਟਾ ਭਰਾ ਪ੍ਰਕਾਸ਼ ਚੰਦ ਪਠਾਣੀਆ ਹੈ ਜੋ ਮੇਰੇ ਬਹੁਤ ਨੇੜੇ ਹੈ। ਵਿਚਾਰਧਾਰਾ ਵਿਚ ਵੀ ਤੇ ਮੋਹ-ਪਿਆਰ ਵਿਚ ਵੀ। ਬੇੜੀ ਅੱਧ-ਵਿਚਕਾਰ ਸੀ ਜਦੋਂ ਸਾਨੂੰ, ਸਾਡੀ ਮਾਂ,

ਵਿਛੋੜਾ ਦੇ ਕੇ ਚਲੀ ਗਈ । ਪਿਤਾ ਕਿਸੇ ਹੋਰ ਔਰਤ ਨੂੰ ਲੈ ਕੇ ਕਿਧਰੇ ਚਲੇ ਗਏ । ਛੋਟੇ-ਛੋਟੇ ਬੱਚੇ ਮੈਨੂੰ ਪਾਲਣੇ ਪੈ ਗਏ । ਪ੍ਰਕਾਸ਼ ਇਹਨਾਂ ਪੰਜਾਂ ਵਿਚੋਂ ਚੌਥੇ ਨੰਬਰ ਉਤੇ ਸੀ ਤੇ ਪੰਜਾ-ਸੱਤਾਂ ਵਰ੍ਹਿਆਂ ਦੇ ਵਿਚਕਾਰ ਇਸ ਦੀ ਉਮਰ ਸੀ । ਮੈਂ ਹੀ ਉਸਦੀ ਮਾਂ ਸਾਂ ਤੇ ਮੈਂ ਹੀ ਉਸਦਾ ਪਿਤਾ ਸਾਂ । ਇਸ ਕੰਮ ਵਿਚ ਮੇਰੀ ਪਤਨੀ ਮੇਰਾ ਪੂਰਾ ਸਾਥ ਦਿੰਦੀ ਰਹੀ ।

ਪ੍ਰਕਾਸ਼ ਨੂੰ ਪੜ੍ਹਨ ਪਾਇਆ ਗਿਆ । ਪਹਿਲੀ, ਦੂਜੀ, ਚੌਥੀ, ਅੱਠਵੀਂ । ਅੱਠਵੀਂ ਵਿਚ ਪਤਾ ਨਹੀਂ ਕੀ ਗੱਲ ਹੋਈ, ਉਹ ਰੁੱਸ ਕੇ ਘਰੋਂ ਚਲਾ ਗਿਆ । ਖ਼ੈਰ, ਜਿਥੇ ਉਹ ਗਿਆ ਸੀ, ਮੈਨੂੰ ਇਸ ਦਾ ਪਤਾ ਸੀ । ਇਕ ਦਿਨ, ਦੋ ਦਿਨ, ਤਿੰਨ ਦਿਨ, ਚਾਰ ਦਿਨ । ਚੌਥੇ ਦਿਨ ਮੈਂ ਮਗਰ ਗਿਆ । ਅਸਲ ਵਿਚ ਉਹ ਮੇਰੇ ਨਾਲ ਹੀ ਰੁੱਸ ਕੇ ਚਲਾ ਗਿਆ ਸੀ, ਕਿਉਂਕਿ ਕਿਸੇ ਕਾਰਨ ਮੈਂ ਉਸ ਨੂੰ ਡਾਂਟ ਦਿੱਤਾ ਸੀ । ਗ਼ਲਤੀ ਇਸ ਵਿਚ ਮੇਰੀ ਹੀ ਸੀ । ਹੁਣ ਉਹ ਕਿਸ਼ੋਰ ਸੀ । ਉਸ ਦੀ ਹਉਂ ਪਹਿਲਾਂ ਵਾਂਗ ਨਿਆਣੀ ਜਿਹੀ ਨਹੀਂ ਰਹੀ ਸੀ, ਸਗੋਂ ਹੁਣ ਉਹ, ਉਸ ਵਾਂਗ ਹੀ, ਵਿਕਸਤ ਹੁੰਦੀ ਜਾ ਰਹੀ ਸੀ । ਮੈਨੂੰ, ਉਸ ਨੂੰ, ਪਹਿਲਾਂ ਵਾਂਗ ਹਾਂ ਡਾਂਟਣਾ ਨਹੀਂ ਸੀ ਚਾਹੀਦਾ । ਭਾਵੇਂ ਮੇਰੇ ਡਾਂਟਣ ਵਿਚ ਵੀ ਮੋਹ-ਪਿਆਰ ਦੇ ਭਾਵ ਹੀ ਸਨ ।

ਖ਼ੈਰ, ਜਿਥੇ ਉਹ ਗਿਆ ਸੀ, ਮੈਂ ਉਸੇ ਥਾਵੇਂ ਪੁੱਜ ਗਿਆ । ਸਾਡੇ ਰਿਸ਼ਤੇਦਾਰ ਹੀ ਸਨ । ਉਹਨੇ ਮੈਨੂੰ ਦੇਖਿਆ ਤੇ ਫੇਰ ਅੱਖ ਬਚਾ ਕੇ ਏਧਰ-ਉਧਰ ਹੋ ਗਿਆ । ਕਿੱਥੇ ਗਿਆ ? ਉਸ ਘਰ ਦੇ ਨਾਲ ਹੀ ਇਕ ਖੋਲਾ ਸੀ । ਉਹ ਉਸ ਖੋਲੇ ਵਿਚ ਜਾ ਖਲੋਇਆ । ਜਦੋਂ ਪਤਾ ਲੱਗਾ ਤਾਂ ਮੈਂ ਖੋਲੇ ਵਿਚ ਹੀ ਪੁੱਜ ਗਿਆ ।

ਖੋਲੇ ਵਿਚ ਉਹ ਚੁੱਪ-ਚਾਪ ਖੂੰਜੇ ਨਾਲ ਲੱਗਿਆ ਖੜਾ ਸੀ । ਬੜਾ ਪਿਆਰਾ, ਭੋਲਾ ਭਾਲਾ, ਖ਼ੂਬਸੂਰਤ ਰੋਸ ਸੀ । ਮੈਨੂੰ ਇਹ ਰੋਸ ਚੰਗਾ ਲੱਗਾ ।

"ਸੁਣਾ ਬਈ, ਪ੍ਰਕਾਸ਼ਿਆ, ਕਿੱਥੇ ਲੁਕਿਆ ਖੜਾ ਏਂ ?" ਪਿਆਰ ਨਾਲ ਮੈਂ ਆਖਿਆ, ਤੇ ਮੁਸਕਰਾ ਪਿਆ । ਜਿਵੇਂ ਉਸ ਦੇ ਕੋਈ ਰੋਸ ਹੁਣ ਨੇੜੇ-ਤੇੜੇ ਵੀ ਨਹੀਂ ਸੀ । ਅਤੇ ਉਹ ਮੇਰੇ ਅੱਗੇ-ਅੱਗੇ ਪਿੰਡ ਵੱਲ ਨੂੰ ਤੁਰ ਪਿਆ । ਸਿਰਫ਼ ਮੈਂ ਏਨਾ ਹੀ ਕਿਹਾ ਸੀ : "ਚੱਲ ਚੱਲੀਏ ਪਿੰਡ ਨੂੰ ।"

ਇਸ ਗੱਲੋਂ ਵੀ ਸਾਡੇ ਵਿਚ ਬੜੀ ਸਮਾਨਤਾ ਹੈ । ਮੈਂ ਆਪ ਵੀ, ਰੁੱਸਿਆ ਹੋਇਆ, ਝੱਟ ਹੀ ਮੰਨ ਜਾਂਦਾ ਹਾਂ । ਜੇ ਕੋਈ ਮਨਾ ਲਵੇ, ਅਤੇ ਉਹ ਕੋਈ ਆਪਣਾ ਹੋਵੇ । ਹਿਤੂ । ਸੁਹਿਰਦ ।

ਉਹ ਦੱਸਵੀਂ ਵਿਚ ਪੁੱਜ ਗਿਆ । ਪਹਿਲੀ ਵਾਰੀ ਫੇਲ੍ਹ ਹੋਇਆ, ਫੇਰ ਪਾਸ ਹੋ ਗਿਆ, ਅਤੇ ਟੀਚਰ ਲੱਗ ਗਿਆ । ਫੇਰ ਉਹਨੇ ਐਫ਼. ਏ., ਬੀ. ਏ., ਐਮ. ਏ. ਤਕ ਪੜ੍ਹਾਈ ਕੀਤੀ । ਪਹਿਲਾਂ ਜੇ. ਬੀ. ਟੀ. ਕੀਤੀ, ਫੇਰ ਬੀ. ਐਡ. ਕਰ ਲਈ । ਐਮ. ਐਡ. ਵੀ ਕਰ ਲਈ । ਹੁਣ ਉਹ ਪੂਰਾ-ਸੂਰਾ ਆਪਣੇ ਆਪ ਉਤੇ ਨਿਰਭਰ ਸੀ । ਸਗੋਂ ਮੇਰੀ ਵੀ ਮਦਦ ਕਰਦਾ ।



ਦਸਵੀਂ ਵਿਚ ਫ਼ੇਲ੍ਹ ਹੋ ਕੇ ਹੌਸਲਾ ਹਾਰ ਬੈਠਾ ਸੀ । ਮੈਂ ਦਿਲ ਧਰਾਇਆ ਤੇ ਫੇਰ ਪੜ੍ਹਨ ਲੱਗ ਪਿਆ । ਓੜਕ, ਆਪਣੇ ਪੈਰਾਂ ਉਤੇ, ਆਲਿਮ ਫ਼ਾਜ਼ਿਲ ਬਣ ਗਿਆ । ਟੀਚਰ ਯੂਨੀਅਨ ਵਿਚ ਵੀ ਕੁਝ ਆਗੂ ਰੋਲ ਅਦਾ ਕਰਦਾ ।

ਦਸਵੀਂ ਪਾਸ ਕਰ ਕੇ ਜਦ ਉਹ ਟੀਚਰ ਲੱਗ ਚੁੱਕਾ ਸੀ, ਉਸ ਦਾ ਮੰਗਣਾ ਹੋ ਗਿਆ ਤੇ ਫੇਰ ਵਿਆਹ ਕਰ ਦਿੱਤਾ ਗਿਆ । ਲੜਕੀ, ਜਦੋਂ ਮੰਗਣਾ ਹੋਇਆ, ਅੱਠ ਜਮਾਤਾਂ ਪਾਸ ਸੀ । ਮੈਂ ਆਖਿਆ, ਦਸ ਜਮਾਤਾਂ ਪਾਸ ਹੋਣੀਆਂ ਚਾਹੀਦੀਆਂ ਹਨ । ਦਸ ਜਮਾਤਾਂ ਪਾਸ ਹੋਇਆਂ ਹੀ ਵਿਆਹ ਕੀਤਾ ਜਾ ਸਕੇਗਾ । ਸਮਾਂ ਬਹੁਤ ਮੁਸ਼ਕਿਲ ਸੀ । ਦਸ ਜਮਾਤਾਂ ਹੋਵੇਗੀ ਤਾਂ ਕਿਤੇ ਟੀਚਰ ਲੱਗ ਜਾਵੇਗੀ ।

ਇਸੇ ਤਰ੍ਹਾਂ ਹੋਇਆ । ਲੜਕੀ ਟੀਚਰ ਲੱਗ ਗਈ । ਦੋਹਾਂ ਦੇ ਪੈਰਾਂ ਹੇਠਾਂ ਕੁਝ ਆਰਥਕ ਬੁਨਿਆਦ ਬਣੀ ।

ਪਹਿਲਾਂ ਅਸੀਂ ਸਾਰੇ ਆਪਣੇ ਪਿੰਡ ਹੀ ਰਹਿੰਦੇ ਹੁੰਦੇ ਸਾਂ । ਫੇਰ ਉਹ ਦੋਵੇਂ ਕਿਸੇ ਚੰਗੇ ਸ਼ਹਿਰ ਵਿਚ ਰਹਿਣ ਲੱਗ ਪਏ । ਪਿੰਡਾਂ ਵਿਚ ਅਜੇ ਵੀ ਜਾਗੀਰਦਾਰੀ ਰਹਿਣ-ਸਹਿਣ ਤੇ ਕੀਮਤਾਂ ਪਰਭਾਵੀ ਹਨ । ਸ਼ਹਿਰਾਂ ਵਿਚ ਸਾਨੂੰ ਕੁਝ ਸੁਖੇਨਤਾ ਨਜ਼ਰ ਆਉਂਦੀ ਹੈ । ਭਾਵੇਂ ਸਾਡੇ ਸ਼ਹਿਰ ਵੀ ਅਜੇ ਪਿੰਡਾਂ ਤੋਂ ਬਹੁਤੇ ਵੱਖ ਨਹੀਂ । ਭਾਵੇਂ ਉਹ ਦਿੱਲੀ ਹੀ ਕਿਉਂ ਨਾ ਹੋਵੇ ।

ਕਈਆਂ ਕੰਮਾਂ-ਕਾਰਾਂ ਕਰ ਕੇ ਮੈਨੂੰ ਉਹਨਾਂ ਕੋਲ ਆਮ ਕਰ ਕੇ ਸ਼ਹਿਰ ਆਉਣਾ ਪੈਂਦਾ ਰਹਿੰਦਾ । ਕਦੇ ਮੇਰਾ ਕੋਈ ਕੰਮ ਹੁੰਦਾ, ਕਦੇ ਕੋਈ ਉਹਨਾਂ ਦਾ ਕੰਮ ਹੁੰਦਾ । ਪਹਿਲਾਂ ਜਦੋਂ ਆਉਂਦਾ ਸਾਂ, ਦੂਰ-ਨੇੜੇ ਦੋਸਤਾਂ ਬਿਗਾਨਿਆਂ ਕੋਲ ਠਹਿਰਦਾ । ਹੁਣ ਇਹ ਆਪਣਾ ਘਰ ਸੀ । ਇਸ ਗੱਲੋਂ ਮੈਨੂੰ ਬੜੀ ਸਹੂਲਤ ਜਿਹੀ ਹੋ ਗਈ ਸੀ । ਭਾਵੇਂ ਦਸ ਦਿਨ ਬੈਠਾ ਰਹਾਂ । ਜਿਵੇਂ ਮਰਜ਼ੀ ਬੈਠਾ ਰਹਾਂ । ਓਪਰਾ ਥੋੜਾ ਸਾਂ ਕਿਸੇ ਲਈ ? ਉਂਜ ਵੀ ਪਿਓਆਂ ਵਰਗਾ ਸਾਂ । ਪ੍ਰਕਾਸ਼ ਮੈਥੋਂ ਘਟੋ ਘੱਟ ਸਤਾਰ੍ਹਾਂ ਵਰ੍ਹੇ ਛੋਟਾ ਸੀ । ਇਸ ਤੋਂ ਬਿਨਾਂ ਮੈਂ ਪਾਲਣਾ ਵੀ ਛੋਟੇ ਭਰਾਵਾਂ ਵਾਂਗ ਨਹੀਂ, ਪੁੱਤਰਾਂ ਵਾਂਗ ਹੀ ਕੀਤੀ ਸੀ । ਪ੍ਰਕਾਸ਼ ਨੂੰ ਵੀ ਇਸ ਗੱਲ ਦਾ ਪੂਰਾ-ਪੂਰਾ ਪਤਾ ਸੀ । ਉਹਨੇ ਮੇਰੇ ਇਸ ਸਨੇਹ ਦੀ ਪੂਰੀ-ਪੂਰੀ ਕਦਰ ਪਾਈ । ਪੂਰਾ ਰਿਣ ਚੁਕਾਇਆ ਉਸ । ਨਹੀਂ ਤਾਂ ਮੇਰੇ, ਉਸ ਵਾਂਗ ਹੀ, ਦੋ ਹੋਰ ਭਰਾ ਵੀ ਸਨ । ਇਕ ਉਸ ਤੋਂ ਵੱਡਾ ਤੇ ਇਕ ਉਸ ਤੋਂ ਛੋਟਾ । ਪਰ ਉਹ ਉਸ ਨੂੰ ਨਹੀਂ ਪੁੱਜ ਸਕੇ ।

ਅਸਲ ਵਿਚ ਇਹ ਸਾਰੀ ਗੱਲ ਸਮਝਦਾਰੀ ਦੀ ਹੁੰਦੀ ਹੈ । ਜ਼ਰੂਰੀ ਨਹੀਂ, ਇਹ ਸਮਝਦਾਰੀ ਸਭ ਵਿਚ ਇਕੋ ਜਿਹੀ ਹੀ ਹੋਵੇ । ਭਾਵੇਂ ਉਹ ਇਕੋ ਮਾਂ-ਬਾਪ ਦੇ ਪੁੱਤਰ-ਧੀਆਂ ਹੀ ਕਿਉਂ ਨਾ ਹੋਣ ।

ਪ੍ਰਕਾਸ਼ ਵਿਚ ਇਹ ਸਮਝਦਾਰੀ ਕੁੱਟ-ਕੁੱਟ ਭਰੀ ਹੋਈ ਸੀ । ਬਹੁਤ ਸਮਝਿਆ ਉਹਨੇ ਮੈਨੂੰ । ਜਿਵੇਂ ਰਾਮ ਦੇ ਪਿੱਛੇ-ਪਿੱਛੇ ਲਛਮਣ ਤੁਰਦਾ ਹੁੰਦਾ ਸੀ, ਇਉਂ ਉਹ ਮੇਰੇ ਕਦਮਾਂ ਵਿਚ ਕਦਮ ਰੱਖਦਾ ਰਿਹਾ ਹੈ । ਰਾਮ ਦੇ ਪਿੱਛੇ ਲਛਮਣ ਨੂੰ ਤਾਂ ਵਾਲਮੀਕ ਨੇ ਤੋਰਿਆ ਹੈ, ਜਾਂ ਫੇਰ ਸੰਤ ਤੁਲਸੀ ਦਾਸ ਨੇ, ਪਰ ਪ੍ਰਕਾਸ਼ ਮੇਰੇ ਪਿੱਛੇ ਆਪਣੇ ਆਪ ਹੀ ਤੁਰਿਆ ਹੈ । ਭਾਵੇਂ

ਇਸ ਦੇ ਪਿੱਛੇ ਮੇਰੀ ਸੁਹਿਰਦਤਾ ਦਾ ਹੱਥ ਵੀ ਹੈ; ਪਰ ਸੁਹਿਰਦਤਾ ਦੀ ਪਰਖ ਵੀ ਸੁਹਿਰਦਤਾ ਹੀ ਕਰਦੀ ਹੈ।

ਤਾਂ ਵੀ, ਸੰਸਾਰ ਵਿਚ ਸਭ ਕੁਝ ਠੀਕ ਨਹੀਂ ਹੁੰਦਾ। ਇਕ ਚੀਜ਼ ਠੀਕ ਹੈ ਤਾਂ ਇਕ ਗ਼ਲਤ ਹੋ ਜਾਂਦੀ ਹੈ। ਗ਼ਲਤ-ਠੀਕ ਦੇ ਪਹੀਆਂ ਉਤੇ ਸੰਸਾਰ ਦੀ ਗੱਡੀ ਚੱਲ ਰਹੀ ਹੈ।

ਅੰਜਨਾ ਮੇਰੀ ਭਰਜਾਈ ਹੈ। ਨਹੀਂ-ਨਹੀਂ, ਭਰਜਾਈ ਨਹੀਂ, ਅੰਜਨਾ ਮੇਰੀ ਧੀ ਹੈ। ਬਹੁਤ ਗ਼ਲਤ ਲਫ਼ਜ਼ ਆਖ ਬੈਠਾ ਹਾਂ ਮੈਂ ਭਰਜਾਈ ਵਾਲਾ। ਠੀਕ ਹੈ, ਉਹ ਮੇਰੇ ਛੋਟੇ ਭਰਾ ਪ੍ਰਕਾਸ਼ ਦੀ ਪਤਨੀ ਹੈ ਤੇ ਇਉਂ ਮੇਰੀ ਭਰਜਾਈ ਹੈ, ਪਰ ਮੈਂ ਉਸ ਨੂੰ ਕਦੇ ਵੀ ਭਰਜਾਈ ਆਖ ਸਕਦਾ ਨਹੀਂ। ਮੇਰਾ ਮਨ ਹੀ ਮੰਨਦਾ ਨਹੀਂ। ਕੁਝ ਪਵਿੱਤਰ ਰਿਸ਼ਤੇ ਸਾਡੇ ਗਾਹਲਾਂ ਜਿਹੀਆਂ ਬਣ ਚੁੱਕੇ ਹਨ। ਮੈਂ ਆਪਨੀ ਸਾਲੀ ਨੂੰ ਸਾਲੀ ਨਹੀਂ ਆਖ ਸਕਦਾ, ਆਪਨੀ ਪਤਨੀ ਦੀ ਛੋਟੀ ਭੈਣ ਜਾਂ ਵੱਡੀ ਭੈਣ ਹੀ ਆਖ ਸਕਦਾ ਹਾਂ। ਇਸੇ ਤਰ੍ਹਾਂ ਸਾਲੇ ਨੂੰ ਤੇ ਇਸੇ ਤਰ੍ਹਾਂ ਸਹੁਰੇ ਨੂੰ। ਇਸੇ ਤਰ੍ਹਾਂ ਮੈਂ ਸਹੁਰੇ-ਪਿੰਡ ਨੂੰ ਮੈਂ ਪਤਨੀ ਦਾ ਪਿੰਡ ਕਹਿੰਦਾ ਹਾਂ। ਮੈਨੂੰ ਇਹ ਸਹੁਰੇ-ਸਾਲੇ ਵਾਲੀ ਕਲਚਰ ਕੁਝ ਪਸੰਦ ਨਹੀਂ। ਬੜੀ ਗੰਵਾਰੂ ਕਲਚਰ ਹੈ। ਜਾਗੀਰਦਾਰੀ ਦੇ ਚਿੱਕੜ ਨਾਲ ਲਿੱਬੜੀ ਤੇ ਲਥਪਥ ਹੋਈ।

ਅੰਜਨਾ ਮੇਰੀ ਧੀ ਹੈ। ਪਰ ਜੋ ਪਛਾਣ ਮੇਰੀ ਪ੍ਰਕਾਸ਼ ਨੂੰ ਹੈ, ਉਹ ਉਹਨੂੰ ਨਹੀਂ। ਅਤੇ ਇਹ ਜ਼ਰੂਰੀ ਵੀ ਨਹੀਂ। ਸੰਸਾਰ ਵਿਚ ਪਛਾਣ ਵਾਲੇ ਲੋਕ ਥੋੜੇ ਹੀ ਹੁੰਦੇ ਹਨ।

ਇਸ ਤੋਂ ਬਿਨਾਂ ਹਾਲਾਤ ਵੀ ਹਨ। ਅਸਲ ਵਿਚ ਹਾਲਾਤ ਹੀ ਹਨ। ਕਹਿੰਦੇ ਨਹੀਂ ਹੁੰਦੇ ਕਿ ਕਦੇ-ਕਦੇ ਮਾਵਾਂ ਨੂੰ ਪੁੱਤ ਨਹੀਂ ਸਿਆਣਦੇ ਤੇ ਮਾਵਾਂ ਆਪਣੇ ਪੁੱਤਰਾਂ ਤੋਂ ਅੱਖਾਂ ਫੇਰ ਲੈਂਦੀਆਂ ਹਨ। ਏਥੇ ਨਾ ਮਾਵਾਂ ਦਾ ਹੀ ਕੋਈ ਕਸੂਰ ਹੁੰਦਾ ਤੇ ਨਾ ਹੀ ਕੋਈ ਪੁੱਤਰਾਂ ਦਾ। ਕਸੂਰ ਹਾਲਾਤ ਦਾ ਹੁੰਦਾ ਹੈ। ਅਸੀਂ ਸਭ ਹਾਲਾਤ ਦੇ, ਪ੍ਰਸਥਿਤੀਆਂ ਦੇ, ਗ਼ੁਲਾਮ ਹਾਂ।

ਮਹੀਨੇ ਵਿਚ ਦੋ-ਤਿੰਨ ਵਾਰ ਮੈਂ ਓਹਨਾਂ ਕੋਲ ਆਉਂਦਾ ਹੁੰਦਾ ਸਾਂ। ਕਦੇ ਇਸ ਤੋਂ ਵੱਧ ਚੱਕਰ ਵੀ ਮਾਰਨੇ ਪੈ ਜਾਂਦੇ ਸਨ। ਠੀਕ ਹੈ, ਆਉਂਦਾ ਸਾਂ, ਆਪਣੇ ਘਰ ਆਉਂਦਾ ਸਾਂ। ਜਿਵੇਂ ਮਰਜ਼ੀ, ਆਵਾਂ, ਜਾਵਾਂ। ਓਪਰਾ ਥੋੜਾ ਸਾਂ ਕਿਸੇ ਲਈ? ਪਰ ਨਹੀਂ, ਇਹ ਮੇਰੀ ਭੁੱਲ ਸੀ। ਓਪਰਾ ਵੀ ਸਾਂ ਕੁਝ ਨਾ ਕੁਝ। ਸਗੋਂ ਕਾਫ਼ੀ ਓਪਰਾ ਸਾਂ। ਪ੍ਰਕਾਸ਼ ਲਈ ਨਹੀਂ, ਆਪਣੀ "ਧੀ" ਅੰਜਨਾ ਲਈ।

ਮੈਨੂੰ ਇਸ ਦਾ ਪਤਾ ਆਪਣੇ ਕਾਲੇ ਬੈਗ ਤੋਂ ਲੱਗਾ ਸੀ। ਇੰਗਲੈਂਡ ਦੇ ਬਣੇ ਹੋਏ ਇਸ ਸੁੰਦਰ ਕਾਲੇ ਬੈਗ ਤੋਂ।

ਮੈਂ ਜਦੋਂ ਆਉਂਦਾ ਸਾਂ ਤਾਂ ਬੈਗ ਕੋਲ ਹੁੰਦਾ ਹੀ ਸੀ। ਬੈਠਕ ਵਿਚ ਇਕ ਛੋਟੀ ਜਿਹੀ ਤਿਪਾਈ ਪਈ ਹੁੰਦੀ ਸੀ। ਮੈਂ ਇਸ ਤਿਪਾਈ ਉਤੇ ਆਪਣਾ ਬੈਗ ਰੱਖ ਦਿੰਦਾ। ਬੈਗ ਨੂੰ ਵੀ ਸੌਖ ਸੀ, ਤਿਪਾਈ ਵੀ ਸਜ ਜਾਂਦੀ ਸੀ। ਹੇਠਾਂ ਭੁੰਜਾ ਹੁੰਦਾ ਸੀ, ਇਸ ਲਈ ਤਿਪਾਈ ਉਤੇ ਹੀ ਰੱਖਣਾ ਠੀਕ ਰਹਿੰਦਾ ਸੀ।

ਕਾਫ਼ੀ ਸਮੇਂ ਮਗਰੋਂ ਮੈਂ ਇਕ ਗੱਲ ਮਹਿਸੂਸ ਕੀਤੀ। ਬੈਗ ਜਿਥੇ ਰੱਖਦਾ ਸਾਂ, ਉਥੇ



ਰਖਿਆ ਰਹਿੰਦਾ ਨਾ, ਤਿਪਾਈ ਉਤੋਂ ਚੁੱਕ ਕੇ ਇਹ ਹੇਠਾਂ ਰਖਿਆ ਹੁੰਦਾ ਸੀ। ਫ਼ਰਸ਼ ਉਤੇ—ਭੁੰਜੇ। ਖ਼ੈਰ, ਇਹ ਠੀਕ ਸੀ। ਤਿਪਾਈ ਬੈਗ ਲਈ ਨਹੀਂ ਸੀ, ਇਸ ਤੇ ਕੋਈ ਫ਼ੁੱਲਦਾਨ ਜਾਂ ਪੁਸਤਕ ਹੋਣੀ ਚਾਹੀਦੀ ਸੀ। ਇਹ ਪੇਂਡੂ ਜਿਹਾ ਰਿਵਾਜ਼ ਸੀ : ਤਿਪਾਈ ਉਤੇ ਬੈਗ। ਮੈਨੂੰ ਇਸ ਨਾਲ ਖ਼ੁਸ਼ੀ ਹੋਈ।

ਹੁਣ ਮੈਂ ਬੈਗ ਫ਼ਰਸ਼ ਉਤੇ ਉਸ ਥਾਂ ਰੱਖਣ ਲੱਗ ਪਿਆ ਜਿਥੇ ਇਹ ਰੱਖਿਆ ਗਿਆ ਸੀ। ਤਿਪਾਈ ਉਤੇ ਰੱਖਣ ਦੀ ਮੈਂ ਕਦੇ ਭੁੱਲ ਨਹੀਂ ਕੀਤੀ।

ਪਰ ਇਹ ਬੈਗ ਉਸ ਥਾਂ ਵੀ ਸਹਿਣਾ ਮੁਸ਼ਕਿਲ ਹੁੰਦਾ ਗਿਆ। ਬੈਠਕ ਵਿਚ ਇਕ ਲੱਕੜ ਦਾ ਦੀਵਾਨ ਡਹਿਆ ਹੁੰਦਾ ਸੀ। ਹੁਣ ਇਹ ਬੈਗ ਇਹ ਇਸ ਦੀਵਾਨ ਦੇ ਹੇਠਾਂ ਨੂੰ ਰੱਖ ਦਿੱਤਾ ਗਿਆ।

ਬੜੀ ਠੀਕ ਸੀ ਇਹ ਵੀ ਗੱਲ। ਅਸਲ ਵਿਚ ਇਹ ਬੈਗ ਕੋਈ ਸੁਹਜ ਦੀ ਚੀਜ਼ ਨਹੀਂ ਸੀ, ਇਹ ਤਾਂ ਇਕ ਸਾਮਾਨ ਹੀ ਸੀ ਜੋ ਸਭ ਦੀਆਂ ਅੱਖਾਂ ਦੇ ਸਾਹਮਣੇ ਨਹੀਂ, ਪਾਸੇ ਜਿਹਾ ਹੋਣਾ ਚਾਹੀਦਾ ਸੀ, ਭਾਵੇਂ ਇਹ ਕਿੰਨਾ ਵੀ ਸੁਹਣਾ ਸੀ। ਤਰੱਕੀ-ਯਾਫ਼ਤਾ ਮੁਲਕਾਂ ਵਿਚ, ਤੇ ਸਾਡੇ ਵੀ ਕਈਆਂ ਘਰਾਂ ਵਿਚ, ਇਵੇਂ ਹੀ ਕੀਤਾ ਜਾਂਦਾ ਹੈ। ਅਜਿਹੇ ਬੈਗ ਅਲਮਾਰੀਆਂ ਵਿਚ ਉਹਲੇ ਰੱਖੇ ਜਾਂਦੇ ਹਨ। ਕਿਉਂਕਿ ਅਸੀਂ ਦਿਨੋਂ ਦਿਨ ਸਭਿਅਕ ਜੋ ਹੁੰਦੇ ਜਾ ਰਹੇ ਹਾਂ।

ਹੁਣ ਮੈਂ ਬੈਗ ਇਸ ਦੀਵਾਨ ਦੇ ਹੇਠਾਂ ਰੱਖਣ ਲੱਗ ਪਿਆ। ਬੜੇ ਠੀਕ ਤਰੀਕੇ ਨਾਲ —ਤਾਂ ਜੋ ਕਿਸੇ ਨੂੰ ਨਜ਼ਰ ਨਾ ਆਵੇ। ਲੋੜ ਪੈਂਦੀ ਤਾਂ ਉਸ ਵਿਚੋਂ ਕੋਈ ਚੀਜ਼ ਕੱਢਦਾ ਤੇ ਫੇਰ ਉਥੇ ਹੀ ਰੱਖ ਦਿੰਦਾ।

ਮੈਨੂੰ ਸਮਝ ਆ ਗਈ ਸੀ ਇਸ ਬੈਗ ਨੂੰ ਕਿੱਥੇ ਅਤੇ ਕਿਵੇਂ ਰੱਖਣਾ ਚਾਹੀਦਾ ਹੈ।

ਨਹੀਂ, ਇਹ ਗ਼ਲਤ ਹੈ, ਮੈਨੂੰ ਸਮਝ ਨਹੀਂ ਆਈ ਸੀ, ਮੈਨੂੰ ਇਸ ਦੀ ਸਮਝ ਕੁਝ ਕੁ ਅੱਗੇ ਚੱਲ ਕੇ ਪਈ ਸੀ। ਉਦੋਂ ਪਤਾ ਲੱਗਾ ਕਿ ਮੇਰੀ ਜਾਂ ਮੇਰੇ ਬੈਗ ਦੀ ਅਸਲ ਥਾਂ ਕਿੱਥੇ ਹੈ?

ਜਦ ਮੈਂ ਆਉਣ ਤੋਂ ਹਟਿਆ ਨਾ, ਤੇ ਵਾਰ-ਵਾਰ ਆਈ ਹੀ ਗਿਆ, ਤਾਂ ਮੈਨੂੰ ਮੇਰੇ ਬੈਗ ਰਾਹੀਂ, ਇਕ ਇਸ਼ਾਰਾ ਦਿੱਤਾ ਗਿਆ। ਭਾਵੇਂ ਆਉਣ ਤੋਂ ਹਟ ਜਾਣਾ ਮੇਰੇ ਲਈ ਬਹੁਤ ਮੁਸ਼ਕਿਲ ਸੀ। ਕਿਉਂਕਿ ਇਹ ਇੰਗਲੈਂਡ ਜਾਂ ਅਮਰੀਕਾ ਆਦਿ ਤਾਂ ਨਹੀਂ ਸੀ, ਇਹ ਤਾਂ ਹਿੰਦੋਸਤਾਨ ਸੀ। ਉਥੇ ਲੋਕੀ ਨੇੜੇ-ਨੇੜੇ ਹੁੰਦੇ ਵੀ ਦੂਰ-ਦੂਰ ਹਨ, ਏਥੇ ਦੂਰ-ਦੂਰ ਹੁੰਦੇ ਵੀ ਨੇੜੇ-ਨੇੜੇ ਹੁੰਦੇ ਹਨ। ਸਭਿਆਚਾਰਾਂ ਦਾ ਫ਼ਰਕ ਹੈ। ਸਾਡੇ ਸਭਿਆਚਾਰ ਵਿਚ ਮਨੁੱਖੀ ਅੰਸ਼ ਕੁਝ ਵੱਧ ਹੈ। ਭਾਵੇਂ ਇਸ ਦਾ ਕਾਰਨ ਸਾਡਾ ਪਛੜਿਆਪਨ ਹੀ ਹੋਵੇਗਾ। ਆਧੁਨਿਕਤਾ ਤੋਂ ਪਛੜਿਆਪਨ।

ਦੀਵਾਨ ਹੇਠ ਵੀ ਮੇਰਾ ਬੈਗ ਸਹਿਣ ਨਹੀਂ ਹੋ ਸਕਿਆ ਸੀ। ਇਕ ਦਿਨ, ਮੈਂ ਦੇਖਿਆ, ਜਿਥੇ ਬੈਗ ਮੈਂ ਰੱਖਿਆ ਸੀ, ਉਥੇ ਹੈ ਹੀ ਨਹੀਂ ਸੀ। ਕਿਥੇ ਸੀ? ਪਤਾ ਨਹੀਂ। ਆਖ਼ਿਰ ਮੈਂ ਝੁਕ ਕੇ ਦੀਵਾਨ ਹੇਠ ਝਾਕਿਆ। ਦੇਖਿਆ ਤਾਂ ਮੇਰਾ ਬੈਗ ਇਸ ਦੀਵਾਨ ਦੇ

(ਬਾਕੀ ਸਫ਼ਾ 35 ਤੇ)

## ਸੰਨਾਟਾ

ਪਿਆਰਾ ਸਿੰਘ ਸਹਿਰਾਈ

ਇਹ ਚੁੱਪ ਤਾਂ
ਸੰਘਣੇ ਵਣਾਂ ਦੀ ਚੁੱਪ ਏ।
ਸੰਨਾਟਾ
ਬੇਪੌਣ ਸਹਿਰਾਵਾਂ ਦਾ

ਕੁਝ ਕਹਿਣਾ ਲੋਚਦੇ ਨੇ ਫੁੱਲ
ਪੌਣਾਂ ਦੇ ਪੈਰਾਂ ਵਿਚ ਬੇਚੈਨੀ ਨੱਚ ਰਹੀ ਏ
ਰੁੱਖਾਂ ਨਾਲ ਲੱਗੀਆਂ ਖੜੀਆਂ ਨੇ ਅਡੋਲ!
ਚੰਨ ਵੀ ਤਾਰਿਆਂ ਨਾਲ ਕੋਈ ਸਰਗੋਸ਼ੀ ਨਹੀਂ ਕਰ ਰਿਹਾ।

ਸਤਰੰਗੀ ਪਈ ਸੀ ਪਰਸੋਂ
ਤੇ ਇਹਦਾ ਰਾਂਗਲਾ ਰੂਪ
ਖ਼ਾਮੋਸ਼ ਨੀਲੱਤਣਾਂ ਵਿਚ ਘੁਲ ਗਿਆ!
ਦੂਰ ਪੁਲਾੜਾਂ ਵਿਚ
ਇਕ ਰੌਸ਼ਨ ਪਿੰਡ ਸੁੰਗੜਦਿਆਂ
ਕਾਲਾ-ਮਘੋਰਾ ਬਣ ਗਿਆ।
ਪੂਰਨ ਖ਼ਾਮੋਸ਼ੀ!

ਪ੍ਰਕਿਰਤੀ ਦੀ ਲੀਲ੍ਹਾ ਏ ਇਹ ਤਾਂ
ਤੇ ਬੰਦੇ ਦੀ ਲੀਲ੍ਹਾ?
ਸੰਘਣੇ ਵਣਾਂ ਦੀ ਚੁੱਪ
ਹੁੰਗਾਰਾ ਪਈ ਭਰਦੀ ਏ
ਫੁੱਲਾਂ ਦੀ ਚੁੱਪ ਨੂੰ
ਟੁਟਣਾ ਟੁਟਣਾ ਲੋਚਦੀ ਏ ਜਿਹੜੀ!

...ਔਹ ਇਕ ਪੰਛੀ ਉਡਿਆ
ਤੇ ਨਗ਼ਮਾ ਬਣ ਗਈ ਜੰਗਲ ਦੀ ਚੁੱਪ
ਫੁੱਲਾਂ ਦੀ ਖ਼ਾਮੋਸ਼ੀ!



ਸੰਝ-ਢਲੇ ਤਾਂ ਸਤਰੰਗੀ ਪਿਆ ਨਹੀਂ ਕਰਦੀ
ਪਰ ਮੇਰੇ ਅਕਾਸ਼ ਦੇ ਘੁਸਮੁਸੇ ਵਿਚ
ਸੱਤੇ ਰੰਗ ਨੱਚਣ ਲਗ ਪਏ ਨੇ
ਕਿੱਥੋਂ ਆ ਬਹੁੜੇ ਨੇ ਇਹ
ਮਲਕੜੇ ਜੇਹੇ!

—O—

## ਗ਼ਜ਼ਲ/ਸੁਰਿੰਦਰ ਸੋਹਲ

ਇਸ ਵਾਰੀ ਤੂੰ ਘਲੀਆਂ ਮੈਨੂੰ ਕਿੰਨੀਆਂ ਚੰਗੀਆਂ ਸੀਨਰੀਆਂ,
ਪਰਬਤ, ਝੀਲਾਂ, ਰੁੱਖਾਂ ਦੀ ਥਾਂ ਧੂੰਆਂ ਧੂੰਆਂ ਸੀਨਰੀਆਂ।

ਕੱਲਰ ਲਗਿਆ, ਖੇਪੜ ਲੱਥੇ, ਚੋਈ ਛੱਤ ਦੇ ਧੱਬੇ ਨੇ,
ਕੱਚੇ ਘਰ ਦੀਆਂ ਕੰਧਾਂ ਉੱਤੇ ਬਣੀਆਂ ਕੇਹੀਆਂ ਸੀਨਰੀਆਂ।

ਸੌਂਦਾ ਹੈ ਫੁੱਟਪਾਥ ਤੇ ਜਿਹੜਾ ਚਾਦਰ ਲੈ ਕੇ ਅੰਬਰ ਦੀ,
ਵੇਚ ਰਿਹਾ ਉਹ ਬੱਚਾ ਫੁੱਲਾਂ ਲੱਦੇ ਘਰ ਦੀਆਂ ਸੀਨਰੀਆਂ।

ਇਸ ਘਰ ਅੰਦਰ ਸੜਦੇ ਬੂਟੇ ਤਰਸ ਰਹੇ ਛਿਟ ਪਾਣੀ ਨੂੰ,
ਨਦੀਆਂ ਤੇ ਬਦਲਾਂ ਦੀਆਂ ਭਾਵੇਂ ਇਸ ਵਿਚ ਲਗੀਆਂ ਸੀਨਰੀਆਂ।

ਮੇਰੇ ਸਾਹਵੇਂ ਸੁੰਨਮਸੁੰਨੀ ਇਕ ਦੀਵਾਰ ਉਦਾਸ ਖੜੀ,
ਤੇਜ਼ ਹਨੇਰੀ ਦੇ ਵਿਚ ਜਿਸਦੇ ਉਤੋਂ ਉੜੀਆਂ ਸੀਨਰੀਆਂ।

ਸ਼ਬਦਾਂ ਵਿਚ ਉਹ ਹਾਦਸਿਆਂ ਦਾ ਵਰਣਨ ਏਦਾਂ ਕਰਦਾ ਹੈ,
ਉਸ ਦੇ ਖ਼ਤ ਜੋ ਆਉਂਦੇ ਮੈਨੂੰ ਲਗਦੇ ਨਿਰੀਆਂ ਸੀਨਰੀਆਂ।

ਜਦ ਮੈਂ ਆਪਣੇ ਦਿਲ ਦੀ ਬੈਠਕ ਅੰਦਰ ਝਾਤੀ ਮਾਰਾਂ ਤਾਂ,
ਦਿੱਸਣ ਗ਼ਮ ਦੇ ਜਾਲੇ, ਤਿੜਕੇ ਸ਼ੀਸ਼ੇ, ਫਟੀਆਂ ਸੀਨਰੀਆਂ।

ਪਿੰਡ ਸੰਗਲ ਸੋਹਲ,
ਜਲੰਧਰ-2

# ਝਨਾਂ ਦੀ ਰਾਤ ਦਾ ਕਾਵਿ-ਸੰਸਾਰ

ਹਰਭਜਨ ਸਿੰਘ ਹੁੰਦਲ

(I)

"ਝਨਾਂ ਦੀ ਰਾਤ" ਪੁਸਤਕ ਵਿਚ ਸ੍ਰੀ ਹਰਿੰਦਰ ਮਹਿਬੂਬ ਹੁਰਾਂ ਦੀਆਂ ਸੱਤ ਕਾਵਿ-ਪੁਸਤਕਾਂ ਸ਼ਾਮਿਲ ਹਨ। ਇਹ ਹਨ, 'ਵਣ-ਵੈਰਾਗ', 'ਰੁੱਤਾਂ ਦੇ ਭੇਦ-ਭਰੇ ਖ਼ਤ', 'ਪਿਆਰੇ ਦਾ ਦੇਸ਼', 'ਆਖ਼ਰੀ ਸ਼ਾਮ', 'ਝਨਾਂ ਦੀ ਰਾਤ'. 'ਕੁਰਲਾਉਂਦੇ ਕਾਫਲੇ', ਤੇ 'ਸ਼ਹੀਦ ਦੀ ਅਰਦਾਸ'। ਕੁੱਲ ਸਫੇ 828 ਹਨ। ਹਰ ਪੁਸਤਕ ਦੇ ਆਰੰਭ ਵਿਚ ਇਕ-ਇਕ ਸਫੇ ਦੀ ਭੂਮਿਕਾ ਅਥਵਾ ਕਵੀ ਵਲੋਂ ਰਚੀ ਪੁਸਤਕ ਦਾ ਪਿਛੋਕੜ ਦੱਸਿਆ ਗਿਆ ਹੈ। "ਝਨਾਂ ਦੀ ਰਾਤ" ਦੇ ਆਰੰਭ ਵਿਚ 34 ਸਫ਼ੇ ਦੀ ਲੰਮੀ ਤੇ ਵਿਸਥਾਰ ਪੂਰਵਕ ਭੂਮਿਕਾ ਹੈ, ਜਿਸ ਵਿਚ ਕਵੀ ਨੇ ਆਪਣਾ ਜੀਵਨ-ਦ੍ਰਿਸ਼ਟੀਕੋਣ, ਕਾਵਿ-ਸਿਧਾਂਤ, ਕਾਵਿ-ਸ਼ਾਸਤਰ, ਮਹਾਂ ਕਾਵਿ ਦੇ ਗੁਣ, ਅੰਗਰੇਜ਼ੀ ਦੇ 19ਵੀਂ ਸਦੀ ਦੇ ਰੁਮਾਂਟਿਕ ਕਵੀਆਂ ਦਾ ਜ਼ਿਕਰ, ਸੰਸਾਰ ਪ੍ਰਸਿੱਧ ਪ੍ਰਗਤੀਵਾਦੀ ਕਵੀਆਂ, ਫੈਜ਼ ਅਹਿਮਦ ਫੈਜ਼, ਨਾਜ਼ਿਮ ਹਿਕਮਤ, ਪਾਬਲੋ ਨੇਰੂਦਾ ਬਾਰੇ ਆਪਣੇ ਸ਼ੰਕੇ ਤੇ ਪੰਜਾਬੀ ਕਵੀਆਂ ਬਾਰੇ ਵੀ ਟਿੱਪਣੀਆਂ ਕੀਤੀਆਂ ਹਨ। ਨਾਲ-ਨਾਲ ਕਵੀ ਨੇ ਆਪਣੇ ਜੀਵਨ ਦਰਸ਼ਨ ਬਾਰੇ ਸਪੱਸ਼ਟੀਕਰਨ ਤੇ ਮਾਰਕਸਵਾਦੀ ਸਿਧਾਂਤ ਬਾਰੇ ਆਪਣੇ ਕਿੰਤੂ ਪ੍ਰਗਟ ਕਰਨ ਤੋਂ ਬਿਨਾਂ ਧਰਮ ਦੀ ਸਰਬ-ਸ੍ਰੇਸ਼ਟਤਾ ਸਿੱਧ ਕੀਤੀ ਹੈ।

ਇਹ ਭੂਮਿਕਾ ਬੜੀ ਵਿਵਾਦ-ਪੂਰਨ ਤੇ ਬਹਿਸ ਉਕਸਾਊ ਹੈ। ਪਰ ਟਿੱਪਣੀਕਾਰਾਂ ਤੇ ਸਾਹਿਤ ਆਲੋਚਕਾਂ ਨੇ ਇਸ ਨੂੰ ਪੜ੍ਹਿਆ ਜਾਂ ਗੌਲਿਆ ਵੀ ਨਹੀਂ, ਹੋਰ ਵੀ ਹੈਰਾਨੀ ਇਸ ਗੱਲ ਤੋਂ ਹੁੰਦੀ ਹੈ ਕਿ ਕੋਈ ਪੰਜਾਬੀ ਵਿਦਵਾਨ ਪੁਸਤਕ ਨੂੰ ਪੜ੍ਹ ਕੇ, ਖੁੱਲ੍ਹ ਕੇ ਪੁਸਤਕ ਦੇ ਹੱਕ ਵਿਚ ਖਲੋਤਾ ਨਹੀਂ ਹੈ, ਹਰ ਕਿਸੇ ਨੇ ਜਾਂ ਤੇ ਮਤੇ ਪਾਸ ਕਰਨ ਤੀਕ ਹੀ ਆਪਣੇ ਆਪ ਨੂੰ ਸੀਮਿਤ ਰੱਖਿਆ ਹੈ ਤੇ ਜਾਂ ਫਿਰ ਚਲੰਤ ਜੇਹੀ ਟਿੱਪਣੀ ਨਾਲ ਹੀ ਬੁੱਤਾ ਸਾਰ ਲਿਆ ਹੈ। ਆਖ਼ਰ ਇਸ ਚੁੱਪ ਦੇ ਕੀ ਅਰਥ ਹਨ? ਕੀ ਪੁਸਤਕ ਇਨਾਮ ਦੇ ਯੋਗ ਨਹੀਂ ਸੀ ਜਾਂ ਪੰਜਾਬੀ ਵਿਦਵਾਨ ਗੱਲ ਨੂੰ ਗ.ਈ ਗੁਜ਼ਰੀ ਸਮਝ ਕੇ ਵਿਸਾਰ ਦੇਣਾ ਵਧੇਰੇ ਠੀਕ ਸਮਝਦੇ ਹਨ।

ਮੈਂ ਕਵੀ ਦੇ ਬਹੁਤ ਸਾਰੇ ਪ੍ਰਸੰਸਕਾਂ ਅਤੇ ਆਲੋਚਕਾਂ ਨਾਲ ਗੱਲ ਛੇੜੀ ਹੈ। ਤੇ ਵੱਖ-ਵੱਖ ਰਾਵਾਂ ਸੁਣਨ ਵਿਚ ਆਈਆਂ ਹਨ। ਮੇਰੇ ਇਕ ਵਿਦਵਾਨ ਮਿੱਤਰ ਨੇ, ਜਿਸ ਨੇ ਸਭ ਤੋਂ ਪਹਿਲਾਂ ਖੁੱਲ ਕੇ ਇਸ ਪੁਸਤਕ ਦੀ ਪ੍ਰਸੰਸਾ ਵਿਚ ਲੇਖ ਲਿਖਿਆ ਸੀ, ਕਿਹਾ, "ਮਹਿਬੂਬ ਪੰਜਾਬੀ ਵਿਚ ਸਭ ਤੋਂ ਵੱਧ ਪੜ੍ਹਿਆ-ਗੁੜ੍ਹਿਆ ਤੇ ਸਭ ਤੋਂ ਵੱਧ ਉਲਝਿਆ ਹੋਇਆ ਕਵੀ ਹੈ।" The Most well-read & most confused. ਪੁਸਤਕ ਤੇ ਕਵੀ ਦੇ ਕਾਵਿ-ਜਗਤ ਵਿਚ ਵਿਚਰਨ ਤੋਂ ਪਹਿਲਾਂ ਭੂਮਿਕਾ ਵਿਚਲੀਆਂ ਪੇਸ਼ ਧਾਰਨਾਵਾਂ ਬਾਰੇ ਸੰਖੇਪ ਵਿਚਾਰ ਕਰਨੀ ਠੀਕ ਰਹੇਗੀ।

ਹਰ ਕਵੀ ਨੇ ਆਪਣੇ-ਆਪਣੇ ਜੀਵਨ-ਅਨੁਭਵ ਤੇ ਦ੍ਰਿਸ਼ਟੀਕੋਣ ਅਨੁਸਾਰ ਕਵਿਤਾ



ਨੂੰ ਪ੍ਰੀਭਾਸ਼ਤ ਕੀਤਾ ਹੈ, ਭਾਵੇਂ ਕਿ ਇਹਨਾਂ ਸਾਰੀਆਂ ਪ੍ਰੀਭਾਸ਼ਾਵਾਂ ਨੂੰ ਮੋਟੇ ਤੌਰ ਤੇ ਰੋਮਾਂਟਿਕ ਤੇ ਯਥਾਰਥਵਾਦੀ ਪਹੁੰਚਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੀ ਭਾਂਤ ਦੀ ਕਵਿਤਾ ਨਿਰੋਲ ਕਲਪਨਾਂ-ਮਈ ਸੁਪਨ ਸੰਸਾਰ ਸਿਰਜਦੀ ਹੈ ਜਦ ਕਿ ਦੂਸਰੀ ਭਾਂਤ ਦੀ ਕਵਿਤਾ ਸਮਾਜਕ ਯਥਾਰਥ ਨੂੰ ਰਚਨਾਤਮਿਕ ਤੇ ਕਾਲਪਨਿਕ ਬਣਾ ਕੇ ਪੇਸ਼ ਕਰਦੀ ਹੈ। ਇਕ ਕਵਿਤਾ ਸਮਾਜਕ ਯਥਾਰਥ ਨੂੰ ਛੱਡ ਅਕਾਸ਼ ਮੰਡਲਾਂ ਵਿਚ ਉਡਾਰੀਆਂ ਲਾਉਂਦੀ ਹੈ, ਜਦ ਕਿ ਦੂਸਰੀ ਕਾਲਪਨਿਕ ਹੁੰਦੀ ਹੋਈ ਵੀ, ਸਮਾਜਕ ਯਥਾਰਥ ਨੂੰ ਭੁੱਲਦੀ ਨਹੀਂ।

ਹਰਿੰਦਰ ਮਹਿਬੂਬ ਪਹਿਲੀ ਭਾਂਤ ਦਾ ਕਵੀ ਹੈ। ਉਸ ਲਈ ਸਮਾਜਕ ਯਥਾਰਥ ਪ੍ਰਾਥਮਿਕ ਮਹੱਤਵ ਨਹੀਂ ਰੱਖਦਾ। ਉਸ ਨੂੰ ਏਸੇ ਕਾਰਨ ਅੰਗਰੇਜ਼ੀ ਦੇ ਉਨ੍ਹੀਵੀਂ ਸਦੀ ਦੇ ਰੋਮਾਂਟਿਕ ਕਵੀ ਵਧੇਰੇ ਪਸੰਦ ਹਨ। ਪੰਜਾਬੀ ਵਿਚ ਉਸ ਨੂੰ ਪ੍ਰੋ: ਪੂਰਨ ਸਿੰਘ ਤੇ ਭਾਈ ਵੀਰ ਸਿੰਘ ਦੀਆਂ 'ਅਦ੍ਰਿਸ਼ ਸੰਸਾਰ' ਉਡਾਰੀਆਂ ਵਧੇਰੇ ਮੋਹਦੀਆਂ ਹਨ। ਰਾਣਾ ਸੂਰਤ ਸਿੰਘ ਵਿਚਲੀਆਂ ਆਤਮਿਕ ਉਡਾਰੀਆਂ ਮਹਿਬੂਬ ਹੋਰਾਂ, ਲਈ ਖਾਸ ਖਿੱਚ ਦਾ ਕਾਰਨ ਹਨ। ਉਸ ਲਿਖਦੇ ਹਨ;

"ਭਾਵੇਂ ਮਹਾਨ ਕਵਿਤਾ ਖਿਆਲ ਤਰਤੀਬ ਦੀ ਸੂਖਮਤਾ ਵਿਚੋਂ ਜ਼ਾਹਿਰ ਹੋਵੇ, ਭਾਵੇਂ ਇਹ ਦ੍ਰਿਸ਼ ਦਾ ਰੰਗ ਅਖਤਿਆਰ ਕਰ ਜਾਵੇ, ਇਸ ਵਿਚ "**ਅਪਹੁੰਚ ਵਿਸ਼ਵ**" ਦੀ ਹੋਂਦ ਹਰ ਸਮੇਂ ਰਹਿੰਦੀ ਹੈ, ਜਿਹੜਾ ਆਪਣੇ ਆਪ ਵਿਚ ਅਨਿਸਚਿਤ ਹੁੰਦਾ ਹੈ, ਜਾਂ ਨੀਮ-ਚਾਨਣ ਵਿਚ ਥੋੜ੍ਹਾ ਦਿਸਦਾ ਰਹਿੰਦਾ ਹੈ।" (ਭੂਮਿਕਾ ਪੰਨਾ 14)

ਅਗਲੇ ਕਈ ਸਫ਼ਿਆਂ ਵਿਚ ਆਪਣੇ ਕਾਵਿ-ਸ਼ਾਸਤਰ ਦੀ ਲੰਮੀ ਚੌੜੀ ਵਿਆਖਿਆ ਕਰਕੇ, ਉਹ ਮਹਾਂ-ਕਾਵਿ ਦੇ ਲੱਛਣਾਂ ਦੀ ਨਵੇਂ ਸਿਰਿਓਂ ਪ੍ਰੀਭਾਸ਼ਾ ਪ੍ਰਸਤੁਤ ਕਰਦਾ, ਧਾਰਮਕ ਰਹੱਸਵਾਦੀ ਕਵਿਤਾ ਦੀ ਪੁਨਰ-ਵਿਆਖਿਆ ਕਰਦਾ ਹੈ। ਮਹਾਨ ਕਵਿਤਾ ਦੇ ਗੁਣਾਂ ਦੀ ਚਰਚਾ ਕਰਦਾ ਹੋਇਆ ਉਹ ਇਸ ਦੀ ਉਤਪਤੀ ਤਿੰਨ ਸੋਮਿਆਂ ਤੋਂ ਹੁੰਦੀ ਦੱਸਦਾ ਹੈ।

1. ਧਰਮ ਦਾ ਸਮੂਹਕ ਅਨੁਭਵ ਤ੍ਰੈ ਕਾਲ-ਦਰਸ਼ੀ ਕਵਿਤਾ ਦਾ ਪਹਿਲਾ ਸੋਮਾ ਹੈ, ਜਿਹੜਾ ਮਨੁੱਖਾਂ ਚੇਤਨਾ ਦੀ ਹਰ ਗਹਿਰਾਈ ਨੂੰ ਉਦਾਤ ਰੰਗ ਅਤੇ ਪਾਕੀਜ਼ਗੀ ਦੀ ਛੋਹ ਬਖ਼ਸ਼ਦਾ ਹੈ।

2. ਅਸਮਾਨ ਅਤੇ ਧਰਤੀ ਦੇ ਆਲਿੰਗਨ ਵਿਚ ਖੀਵੀ ਹੁੰਦੀ ਅਤੇ ਸਰਬ ਜ਼ਿੰਦਗੀ ਦੇ ਮੋਹ ਜਗਾਉਂਦੀ ਇਸ਼ਕ ਦੀ ਵਿਅਕਤੀਗਤ ਤੀਬਰਤਾ ਮਹਾਨ ਕਵਿਤਾ ਦਾ ਦੂਸਰਾ ਸੋਮਾ ਹੈ।

3. ਸਰੋਦੀ ਚਿੰਤਨ ਅਤੇ ਸ਼ੁਧ ਇੰਦ੍ਰਿਆਵੀ ਸੁਆਦਾਂ ਦੇ ਕਿਸੇ ਸੰਗਮ ਉੱਤੇ ਘੁੰਡ ਚੁਕਦੀ ਭਰਪੂਰ ਕੁਦਰਤ ਮਹਾਨ ਕਵਿਤਾ ਦੀ ਇਲਹਾਮੀ ਉਡਾਉਣ ਦਾ ਤੀਸਰਾ ਸੋਮਾ ਹੈ।

(ਭੂਮਿਕਾ ਪੰਨਾ 30)

ਉਹ ਅੱਗੇ ਲਿਖਦਾ ਹੈ, "ਧਰਮ ਦਾ ਸਾਬਤ ਅਨੁਭਵ ਉਸ ਦਾ ਮਦਦਗਾਰ ਬਣਦਾ ਹੈ ਅਤੇ ਕਵੀ ਸਹਿਜ-ਸੁਭਾ ਅਚੇਤ ਹੀ ਵਿਗਿਆਨਕ ਤਰਕ ਦੀ ਹਰ ਚੋਟੀ ਸਰ ਕਰ ਲੈਂਦਾ ਹੈ।"

(ਪੰਨਾ 31)

ਪ੍ਰੋ: ਮਹਿਬੂਬ ਹੁਰੀਂ ਆਪਣੇ ਕਾਵਿ-ਸਿਧਾਂਤ ਅਨੁਸਾਰ ਸਮਾਜਕ, ਆਰਥਕ ਤੇ ਰਾਜਸੀ ਬਣਤਰਾਂ ਤੇ ਰਿਸ਼ਤਿਆਂ, ਇਹਨਾਂ ਵਿਚਲੀਆਂ ਆਪਸੀ ਵਿਰੋਧਤਾਈਆਂ ਨੂੰ ਕੋਈ ਮਹੱਤਤਾ ਨਹੀਂ ਦਿੰਦੇ। ਉਹ ਲਿਖਦੇ ਹਨ;

"ਕੋਈ ਰੂਹਾਨੀਅਤ ਤੋਂ ਸੱਖਣਾ ਖਿਆਲ-ਪ੍ਰਬੰਧ, ਜਿਸ ਨੇ ਜ਼ਿੰਦਗੀ ਦੇ ਰਾਜਸੀ ਅਤੇ ਸਮਾਜਿਕ ਅਦਾਰਿਆਂ ਨਾਲ ਆਪਣਾ ਰਸਮੀ ਵਫ਼ਾ ਵਾਲਾ ਰਿਸ਼ਤਾ ਬਣਾ ਲਿਆ ਹੋਵੇ, ਮਹਾਨ ਕਵਿਤਾ ਦੇ ਬਿੰਬ ਵਿਚ ਨਹੀਂ ਪਲਟ ਸਕਦਾ। ਮੇਰੇ ਖਿਆਲ ਵਿਚ ਰਚਨਾ-ਤਮਿਕ ਧੱਧਰ ਉੱਤੇ ਮਾਰਕਸਵਾਦੀ ਸਿਧਾਂਤ ਨਾਲ ਵਫ਼ਾਦਾਰੀ ਕਵਿਤਾ ਨੂੰ ਆਜ਼ਾਦ ਉਡਾਣ ਤੋਂ ਰਹਿਤ ਕਰ ਦਿੰਦੀ ਹੈ, ਕਿਉਂਕਿ ਮਾਰਕਸਵਾਦ ਦੀ ਸੁਤੰਤਰ ਹੋਂਦ ਸੰਪੂਰਣ ਦਰਸ਼ਨ ਦਾ ਦਰਜਾ ਨਹੀਂ ਰਖਦੀ।

ਪ੍ਰੋ: ਮਹਿਬੂਬ ਅਨੁਸਾਰ ਧਾਰਮਿਕ ਦਿੱਭ-ਦ੍ਰਿਸ਼ਟੀ ਸਭ ਸਮਾਜਿਕ ਵਿਗਿਆਨਾਂ, ਦਰਸ਼ਨਾਂ ਅਤੇ ਵਿਗਿਆਨਕ ਪ੍ਰਾਪਤੀਆਂ ਤੋਂ ਉੱਪਰ ਹੈ। ਇਹਨਾਂ ਕਾਵਿ-ਸਿਧਾਂਤਾਂ ਦੀ ਰੌਸ਼ਨੀ ਅਨੁਸਾਰ ਉਸ ਨੂੰ ਪ੍ਰੋ: ਮੋਹਣ ਸਿੰਘ, ਮਾਇਆ ਕੋਵਸਕੀ, ਨਾਜ਼ਿਮ ਹਿਕਮਤ, ਪਾਬਲੋ ਨੇਰੂਦਾ ਤੇ ਫ਼ੈਜ਼ ਅਹਿਮਦ ਫ਼ੈਜ਼ ਦੀ ਕਵਿਤਾ ਮਹਾਨਤਾ ਦੀਆਂ ਸਿਖਰਾਂ ਨੂੰ ਛੋਂਹਦੀ ਪ੍ਰਤੀਤ ਨਹੀਂ ਹੁੰਦੀ।

ਭੂਮਿਕਾ ਵਿਚ ਆਪਣੇ ਕਾਵਿ-ਸਿਧਾਂਤਾਂ ਦੀ ਪੇਸ਼ਕਾਰੀ ਤੇ ਵਿਆਖਿਆ ਕਰਨ ਤੋਂ ਬਿਨਾਂ ਪ੍ਰੋ: ਮਹਿਬੂਬ ਹੁਰਾਂ ਹੋਰ ਵੀ ਬਹੁਤ ਸਾਰੇ ਮਸਲੇ ਉਠਾਏ ਹਨ, ਜਿਹਨਾਂ ਵਿਚ ਸਮਾਜਵਾਦੀ ਪ੍ਰਬੰਧਾਂ ਦੇ ਵਿਗਾੜ, ਅਸਲੀ ਸ਼ਹੀਦ ਦੀ ਪ੍ਰੀਭਾਸ਼ਾ, ਚੀਨ, ਪੂਰਬੀ ਯੂਰਪ ਅਤੇ ਅਫ਼ਗਾਨਿਸਤਾਨ ਵਿਚਲੀਆਂ ਘਟਨਾਵਾਂ, ਤੇ ਸੋਲਜ਼ੇਨਿਸਤਾਨ ਦੇ ਨਾਵਲਾਂ, ਆਦਿ ਬਾਰੇ ਟਿਪਣੀਆਂ ਕੀਤੀਆਂ ਹਨ। ਹਥਲੇ ਲੇਖ ਵਿਚ ਪਾਠਕਾਂ ਦੀ ਜਾਣਕਾਰੀ ਲਈ ਸ਼ਹੀਦ ਦੀ ਪ੍ਰੀਭਾਸ਼ਾ ਬਾਰੇ ਕੀਤੀ ਟਿਪਣੀ ਪੇਸ਼ ਕਰਕੇ, ਮੈਂ ਪ੍ਰੋ: ਮਹਿਬੂਬ ਹੋਰਾਂ ਦੇ ਕਾਵਿ-ਜਗਤ ਤੇ ਕਾਵਿ-ਵਿਸ਼ੇਸ਼ਤਾਈਆਂ ਦੇ ਵਿਸ਼ੇ ਨੂੰ ਛੋਹਾਂਗਾ। ਹੈਰਾਨੀ ਇਸ ਗੱਲ ਦੀ ਹੈ ਕਿ ਪ੍ਰੋ: ਮਹਿਬੂਬ ਹੋਰਾਂ ਸ਼ਹੀਦ ਭਗਤ ਸਿੰਘ ਦੀ ਮਹਿਮਾਂ ਵਿਚ ਤਿੰਨ ਕਵਿਤਾਵਾਂ ਲਿਖੀਆਂ ਹਨ। ਸ਼ਹੀਦ ਭਗਤ ਸਿੰਘ ਨੂੰ ਆਵਾਜ਼ਾਂ, (ਪੰਨਾ 114), ਸ਼ਹੀਦ ਭਗਤ ਸਿੰਘ ਦੀ ਯਾਦ ਵਿਚ, (ਪੰਨਾ 143), ਤੇ ਸ਼ਹੀਦ ਭਗਤ ਸਿੰਘ ਦੇ ਅੰਗਿਆਰਾਂ ਕੋਲ, (ਪੰਨਾ 162) ਪਹਿਲੀ ਕਵਿਤਾ ਦੀਆਂ ਕੁਝ ਟੂਕਾਂ ਇਸ ਤਰ੍ਹਾਂ ਹਨ :

ਯਾਦ ਆਂਵਦੇ ਮੈਨੂੰ ਭਗਤ ਸਿੰਘ ਦੇ ਵੇਲੇ
ਪਈ ਯਾਦ ਆਵੇ,
ਫਾਂਸੀਆਂ ਨੂੰ ਚੁੰਮਦੇ ਬਲੀ ਦੀ।

ਪਿਆ ਯਾਦ ਆਵੇ
ਉਸ ਦੇ ਗੀਤਾਂ ਦਾ ਨਾਦ
ਯਾਦ ਆਵਣ ਉਸ ਦੀ ਅਣਖ ਦੇ ਬੋਲ (ਪੰਨਾ—114)



ਇਹ ਕਵਿਤਾਵਾਂ 1965-66 ਦੇ ਸਮੇਂ ਵਿਚ ਲਿਖੀਆਂ ਗਈਆਂ ਸਨ ਪਰ 'ਝਨਾਂ ਦੀ ਰਾਤ' ਦੀ ਲੰਮੇਰੀ ਭੂਮਿਕਾ (20-7-89) ਨੂੰ ਲਿਖੀ ਗਈ ਸੀ। ਉਸ ਵਿਚ ਉਹ ਲਿਖਦੇ ਹਨ;

"ਮੇਰੇ ਖਿਆਲ ਵਿਚ ਸ਼ਹੀਦ ਤੇ ਅਰਦਾਸ ਮੌਤ ਵੱਲ ਇਕੱਠਿਆਂ ਹੀ ਜਾਂਦੇ ਹਨ। ਮੌਤ ਤੋਂ ਬਿਖੜੇ ਪੈਂਡ ਉੱਤੇ ਜਿਹੜੇ ਸ਼ਹੀਦ ਅਰਦਾਸ ਨਾਲ ਨਹੀਂ ਤੁਰਦੇ, ਉਹਨਾਂ ਦੇ ਆਦਰਸ਼ਾਂ ਨੂੰ ਸ਼ੁਹਰਤਾਂ ਦੀ ਦੁਨਿਆਵੀ ਲਾਲਸਾ ਸਮੁੱਚੀ ਜ਼ਿੰਦਗੀ ਉੱਤੇ ਫੈਲਣ ਨਹੀਂ ਦਿੰਦੀ ਅਤੇ ਉਸ ਦੀ ਪਵਿੱਤਰਤਾ ਦੇ ਅਨੇਕ ਪ੍ਰਕਾਸ਼ਾਂ ਤੱਕ ਇਹਨਾਂ ਸ਼ਹੀਦਾਂ ਦੀ ਪਹੁੰਚ ਨਾਂਹ ਹੋਣ ਕਾਰਣ ਇਹਨਾਂ ਦਾ ਰੁਤਬਾ ਅਸਲੀ ਮਹਾਨਤਾ ਨੂੰ ਨਹੀਂ ਛੋਂਹਦਾ। ਸ. ਭਗਤ ਸਿੰਘ ਇਸ ਵੰਨਗੀ ਦੇ ਸ਼ਹੀਦ ਹਨ। 'ਪਿਆਰੇ ਦਾ ਦੇਸ' (1965-66) ਵਿਚ ਉਹਨਾਂ ਦੀ ਸ਼ਹੀਦੀ ਦਾ ਰੰਗ ਮੈਨੂੰ ਸਵੀਕਾਰ ਸੀ, ਪਰ "ਸ਼ਹੀਦ ਦੀ ਅਰਦਾਸ" (1984) ਤਕ ਉਹ ਮੇਰੇ ਅਨੁਭਵ ਵਿਚ ਨਹੀਂ ਰਹੇ।" (ਭੂਮਿਕਾ ਵਿਚੋਂ)

ਆਜ਼ਾਦੀ-ਸੰਗਰਾਮ ਦੇ ਅਦੁੱਤੀ ਤੇ ਨਿਰਭੈ ਸ਼ਹੀਦ ਤੇ ਇਨਕਲਾਬੀ ਚਿੰਤਕ ਸ. ਭਗਤ ਸਿੰਘ ਦੀ ਸ਼ਹੀਦੀ ਨੂੰ ਸ਼ੁਹਰਤਾਂ ਦੀ ਦੁਨਿਆਵੀ ਲਾਲਸਾ ਕਹਿ ਕੇ ਛੁਟਿਆਉਣਾ ਤੇ ਅਰਦਾਸ ਕਰਨ ਵਾਲੇ ਸ਼ਹੀਦਾਂ ਨੂੰ ਹੀ ਮਹਾਨ ਸ਼ਹੀਦ ਮੰਨਣਾ, ਇਹ ਵਰਤਾਰਾ ਭਾਰਤ ਤੇ ਪੰਜਾਬੀ ਸਾਹਿਤ-ਜਗਤ ਵਿਚ ਪਹਿਲੀ ਵਾਰ ਹੀ ਵੇਖਣ ਨੂੰ ਆਇਆ ਹੈ। ਇਸ ਫੀਤੇ ਅਨੁਸਾਰ ਸੰਸਾਰ ਦੇ ਵੱਖ-ਵੱਖ ਦੇਸ਼ਾਂ ਦੇ ਸਭ ਮਹਾਨ ਸ਼ਹੀਦ ਵੀ "ਦੁਨਿਆਵੀ ਸ਼ੁਹਰਤਾਂ ਦੇ ਭੁੱਖੇ" ਬਣ ਜਾਂਦੇ ਹਨ। ਸੋ ਇਹ ਹੈ ਉਹ ਧਾਰਮਕ ਦਿੱਭ-ਦ੍ਰਿਸ਼ਟੀ, ਜਿਹੜੀ ਪ੍ਰੋ: ਮਹਿਬੂਬ ਹੋਰਾਂ ਦੀ ਰਾਏ ਅਨੁਸਾਰ "ਸਹਿਜ-ਸੁਭਾ ਅਚੇਤ ਹੀ ਵਿਗਿਆਨਕ ਤਰਕ ਦੀ ਹਰ ਚੋਟੀ ਸਰ ਕਰ" ਸਕਦੀ ਹੈ।

ਏਥੇ ਕਵੀ ਦੇ ਚਿੰਤਨ ਅਤੇ ਉਸ ਦੀ ਰਚਨਾ ਵਿਚਲਾ ਡੂੰਘਾ ਦਵੰਦ ਵੀ ਪ੍ਰਗਟ ਹੁੰਦਾ ਹੈ। ਉਸ ਦਾ ਦਰਸ਼ਨ ਕੁਝ ਕਹਿੰਦਾ ਹੈ, ਉਸ ਦੀ ਰਚਨਾ ਹੋਰ ਕੁਝ ਪ੍ਰਗਟ ਕਰਦੀ ਹੈ। ਅਸਲ ਵਿਚ ਕਵੀ 1965-66 ਤੋਂ ਤੁਰ ਕੇ 1984 ਤੀਕ ਦੇ ਵੀਹ ਸਾਲਾਂ ਵਿਚ ਧਾਰਮਿਕ ਤੌਰ ਤੇ ਵਧੇਰੇ ਕੱਟੜ ਹੁੰਦਾ ਗਿਆ ਹੈ ਤੇ ਉਸ ਦੀ ਦ੍ਰਿਸ਼ਟੀ ਵਿਸ਼ਾਲ ਤੇ ਡੂੰਘੇਰੀ ਹੋਣ ਦੀ ਥਾਂ ਸੌੜੀ ਤੇ ਸੀਮਤ ਹੁੰਦੀ ਗਈ ਪ੍ਰਤੀਤ ਹੁੰਦੀ ਹੈ। ਸੋ ਤੋਂ ਉਧਰ ਲਿਖੀਆਂ **"ਕ੍ਰਾਂਤੀਕਾਰੀ ਕਵਿਤਾਵਾਂ"** ਨੂੰ ਬਿਲਕੁਲ ਹੀ ਰੱਦ ਕਰ ਦੇਣ ਤੋਂ ਵੀ ਉਸ ਦੀ ਸੋਚ ਵਿਚ ਆਏ ਪ੍ਰੀਵਰਤਨ ਦੀ ਗਵਾਹੀ ਮਿਲਦੀ ਹੈ।

## ( II )

'ਝਨਾਂ ਦੀ ਰਾਤ' ਗ੍ਰੰਥਾਵਲੀ ਵਿਚ ਪਹਿਲੀ ਪੁਸਤਕ 'ਵਣ-ਵੈਰਾਗ' ਹੈ, ਜਿਸ ਵਿਚਲੀਆਂ ਕਵਿਤਾਵਾਂ ਕਵੀ ਨੇ 1960 ਤੋਂ 1962 ਦੇ ਸਮੇਂ ਵਿਚ ਲਿਖੀਆਂ। ਇਹ ਸੰਗ੍ਰਹਿ 45 ਸਫ਼ਿਆਂ ਦਾ ਹੈ ਤੇ ਇਸ ਵਿਚ ਕਵੀ ਦੀਆਂ 13 ਕਵਿਤਾਵਾਂ ਸ਼ਾਮਿਲ ਹਨ। ਤੀਹ ਸਾਲ ਪਹਿਲਾਂ ਲਿਖੀਆਂ ਇਹਨਾਂ ਕਵਿਤਾਵਾਂ ਦੀ ਭੂਮਿਕਾ ਕਵੀ ਨੇ 21-9-89 ਨੂੰ ਲਿਖੀ। ਕਵੀ ਕਿਸੇ "ਪਾਵਨ ਚਿਹਰੇ" ਦੀ ਭਾਲ ਵਿਚ ਭਟਕਦਾ ਹੈ ਤੇ ਉਸ ਚਿਹਰੇ ਦੇ

"ਦੇਵੀ ਦਰਸ਼ਨ" ਨੂੰ ਤਾਂਘਦਾ ਹੈ। ਇਹ ਚਿਹਰਾ ਕਿਸੇ ਸੁੰਦਰ ਨਾਰ ਦਾ ਹੈ ਜਾਂ ਕਿਸੇ ਮਹਾਂ ਪੁਰਖ ਦਾ, ਇਹ ਸਪਸ਼ਟ ਨਹੀਂ ਹੁੰਦਾ। ਇਹ ਸੰਗ੍ਰਹਿ, ਕਵੀ ਦੇ ਆਰੰਭਕ ਪੜਾ ਦਾ ਸੂਚਕ ਹੈ। ਛੰਦ-ਬੱਧ ਤੇ ਖੁੱਲ੍ਹੀ, ਦੋਹਾਂ ਤਰ੍ਹਾਂ ਦੀ ਕਵਿਤਾ ਦੇ ਨਮੂਨੇ ਇਸ ਵਿਚ ਪੇਸ਼ ਹਨ। ਉਹਨਾਂ ਕਾਵਿਕ-ਰੁੜੀਆਂ ਦੇ ਸੰਕੇਤ ਇਹਨਾਂ ਕਵਿਤਾਵਾਂ ਵਿਚੋਂ ਮਿਲਦੇ ਹਨ, ਜਿਹੜੀਆਂ ਅੱਗੇ ਜਾ ਕੇ ਕਵੀ ਦੀ ਕਾਵਿ-ਸ਼ੈਲੀ ਦੇ ਨਿਵੇਕਲੇ ਨਕਸ਼ਾਂ ਨੂੰ ਉਘਾੜਦੀਆਂ ਹਨ। ਵੈਰਾਗ-ਮਈ ਸੁਰ, ਯਥਾਰਥ ਨੂੰ ਰਹੱਸਮਈ ਬਨਾਉਣਾ ਤੇ ਵਣਾਂ, ਬਿਰਖਾਂ ਦਾ ਜ਼ਿਕਰ ਆਮ ਮਿਲਦਾ ਹੈ। "ਜਾਂਗਲੀ ਨਾਰ ਨੂੰ" ਸੰਬੋਧਨ ਵੀ ਆਗਾਮੀ ਰਚਨਾ ਵਿਚ ਆਉਣ ਵਾਲੇ ਸਾਂਝੇ ਪੰਜਾਬ ਦੇ ਹੇਰਵੇ ਦਾ ਚਿੰਨ ਜਾਪਦੀ ਹੈ।

ਉਸ ਵਣ ਨੂੰ ਵੀ ਜਾਣਗੇ, ਵੇਦਨ ਜਾਂਦੀ ਹੰਭ
ਜਿਸ ਵਣ ਵਾਜਾਂ ਮਾਰਦੇ, ਕੋਇਲਾਂ ਵਾਂਗੂੰ ਰੰਗ
ਲੁੱਕ ਕੇ ਗਾਈ ਵੇਦਨਾ, ਅੱਧੀ ਰਾਤ ਦੀ ਹਿੱਕ
ਮੈਂ ਜੋਗੀ ਨੇ ਜਾਣ ਲਈ, ਵਣਾਂ ਵਣਾਂ ਦੀ ਸਿੱਕ

ਪ੍ਰੋ: ਮਹਿਬੂਬ ਹੁਰਾਂ ਇਸ ਸੰਗ੍ਰਹਿ ਦੀ ਵੱਖਰੀ ਭੂਮਿਕਾ ਵਿਚ ਲਿਖਿਆ ਹੈ ਕਿ ਉਹਨਾਂ 100 ਤੋਂ ਉਪਰ 'ਕਰਾਂਤੀਕਾਰੀ ਕਵਿਤਾਵਾਂ' ਵੀ ਲਿਖੀਆਂ ਸਨ, ਪਰ ਵਿਚਾਰ ਬਦਲ ਜਾਣ ਕਾਰਨ, ਸਭ ਰੱਦ ਕਰ ਦਿੱਤੀਆਂ। ਜੇ ਦੋ ਚਾਰ ਨਮੂਨੇ ਸ਼ਾਮਿਲ ਕਰ ਲਏ ਜਾਂਦੇ ਤਾਂ ਉਹਨਾਂ ਦੀ ਕਵਿਤਾ ਦੇ ਵੱਖਰੇ ਵੱਖਰੇ ਪੜਾਵਾਂ ਤੇ ਇਸ ਦਾ ਵਿਕਾਸ ਦਾ ਵਧੇਰੇ ਪਤਾ ਲੱਗ ਸਕਦਾ ਸੀ। ਇਹ 13 ਕਵਿਤਾਵਾਂ ਪਾਠਕ ਤੇ ਮਨ ਤੇ ਕੋਈ ਡੂੰਘਾ ਪ੍ਰਭਾਵ ਨਹੀਂ ਪਾਉਂਦੀਆਂ, ਸਗੋਂ ਛਾਇਆਵਾਦ ਦੀ ਇਕ ਧੁੰਦ ਖਲੇਰ ਕੇ, ਅਗਲੇਰੀ ਰਚਨਾ ਤੋਂ ਉਪਰਾਮ ਕਰਦੀਆਂ ਹਨ, ਫੇਰ ਵੀ, ਇਹ ਮੁੱਢਲੇ ਦੌਰ ਦੀਆਂ ਤਜ਼ਰਬਾਤੀ ਨਜ਼ਮਾਂ ਹਨ, ਜਿਹਨਾਂ ਨੂੰ 30 ਸਾਲ ਬਾਅਦ ਨਵੀਂ ਭੂਮਿਕਾ ਲਿਖ ਕੇ ਡੂੰਘੇਰੇ ਅਰਥ ਦੇਣ ਦਾ ਉਚੇਚਾ ਪਰ ਅਸਫਲ ਯਤਨ ਕੀਤਾ ਗਿਆ ਹੈ।

## ( III )

'ਰੁੱਤਾਂ ਦੇ ਭੇਦ-ਭਰੇ ਖ਼ਤ' ਪ੍ਰੋ: ਮਹਿਬੂਬ ਦੀ 'ਝਨਾਂ ਦੀ ਰਾਤ' ਵਿਚ ਸ਼ਾਮਿਲ ਦੂਸਰੀ ਪੁਸਤਕ ਹੈ, ਜਿਸ ਵਿਚ ਦੋ ਛੋਟੀਆਂ ਤੇ ਇਕ ਲੰਮੇਰੀ ਕਵਿਤਾ ਦਾ ਕੁਝ ਭਾਗ ਸ਼ਾਮਿਲ ਹਨ। ਇਹ ਰਚਨਾਵਾਂ 1963 ਦੀਆਂ ਲਿਖੀਆਂ ਹੋਈਆਂ ਹਨ। ਭੂਮਿਕਾ ਵਿਚ ਇਹਨਾਂ ਖ਼ਤਾਂ ਨੂੰ ਕਵੀ 'ਵੈਰਾਗਿਆ ਮਨ' ਆਖਦਾ ਹੈ। ਪ੍ਰਗੀਤਕ ਸਰੂਪ ਵਾਲੀਆਂ ਪਹਿਲੀਆਂ ਦੋ ਛੁਟੇਰੀਆਂ ਕਵਿਤਾਵਾਂ ਨੂੰ ਛੱਡ ਇਸ ਸੰਗ੍ਰਹਿ ਦੀ ਅਸਲੀ ਵੱਡੀ ਰਚਨਾ, "ਰੁੱਤਾਂ ਦੇ ਸਖ਼ੀ ਵੱਲ ਲਿਖੇ ਖ਼ਤ" ਹੈ।

ਕਵੀ ਇਸ ਸੰਗ੍ਰਹਿ ਦੀ ਭੂਮਿਕਾ ਵਿਚ ਲਿਖਦਾ ਹੈ; "ਰੁੱਤਾਂ ਦੀ ਲੰਮੀ ਕਵਿਤਾ, ਇਕ ਸਵੈ-ਸਿਰਜੀ ਮਿੱਥ ਹੈ, ਜਿਸ ਦੇ ਨਿਰਮਲ ਜਿਸਮ ਵਿਚੋਂ ਕਈ ਹੋਰ ਹਿੰਦੂ ਮਿੱਥਾਂ ਦੇ ਚਿਹਨ-ਚੱਕਰ ਵੀ ਪਛਾਣੇ ਜਾ ਸਕਦੇ ਹਨ।"

ਪਰ ਪ੍ਰੋ: ਮਹਿਬੂਬ ਚੰਗੀ ਤਰ੍ਹਾਂ ਜਾਣਦੇ ਹਨ ਕਿ ਮਿੱਥ ਆਪ ਨਹੀਂ ਸਿਰਜੀ ਜਾਂਦੀ,



ਇਹ ਲੋਕ-ਚੇਤਨਾ ਰਾਹੀਂ ਹੌਲੀ ਹੌਲੀ ਉੱਸਰਦੀ ਬਣਦੀ ਹੈ। ਕਲਾਕਾਰ, ਆਪਣੀ ਗੱਲ ਨੂੰ ਪਾਠਕਾਂ ਤੀਕ ਸਫਲਤਾ-ਪੂਰਵਕ ਸੰਚਾਰਤ ਕਰਨ ਲਈ ਬਣੀ-ਬਣਾਈ ਮਿੱਥ ਦਾ ਸਫਲ/ਅਸਫਲ ਪ੍ਰਯੋਗ ਕਰਦਾ ਹੈ। ਉਸ ਵਿਚ ਵਾਧੇ, ਘਾਟੇ ਕਰਕੇ ਕੁਝ ਕੱਢਦਾ ਤੇ ਕੁਝ ਕੋਲੋਂ ਪਾਉਂਦਾ ਹੈ। ਉਹ ਸਮੇਂ ਤੇ ਉਦੇਸ਼ ਅਨੁਸਾਰ ਇਸ ਬਣੀ ਬਣਾਈ ਮਿੱਥ ਨੂੰ ਨਵੇਂ ਤੇ ਡੂੰਘੇਰੇ ਅਰਥ ਪ੍ਰਦਾਨ ਕਰਨ ਲਈ ਇਸ ਦੀ ਪੁਨਰ-ਸਿਰਜਣਾ ਅਥਵਾ ਪੁਨਰ-ਵਿਆਖਿਆ ਕਰਦਾ ਹੈ।

ਖ਼ੁਦ ਪ੍ਰੋ: ਮਹਿਬੂਬ ਵੀ ਲੰਮੇਰੀ ਆਰੰਭਕ ਭੂਮਿਕਾ ਵਿਚ ਲਿਖਦੇ ਹਨ;

"ਹਰ ਮਿੱਥ ਦੀ ਸਭ ਤੋਂ ਖ਼ੂਬਸੂਰਤ ਵਰਤੋਂ ਕਵਿਤਾ ਉਸ ਸਮੇਂ ਕਰਦੀ ਹੈ, ਜਦੋਂ ਇਹ ਆਪਣੇ ਸਥੂਲ ਵਿਵਰਣਾਂ ਦੀ ਵਿਆਖਿਆ ਦੀ ਥਾਂ ਆਪਣੇ ਅੰਦਰ ਸੁੱਤੀਆਂ ਸੰਭਾਵਨਾਵਾਂ ਬ੍ਰਹਿਮੰਡ ਦੇ ਵਰਤਾਰੇ ਅਤੇ ਮਨੁੱਖੀ ਇਤਿਹਾਸ ਵਿਚੋਂ ਸਾਕਾਰ ਕਰ ਕੇ ਵਿਖਾ ਦਿੰਦੀ ਹੈ।"

ਨਵੀਆਂ ਮਿੱਥਾਂ ਸਿਰਜਣ ਦੇ ਉਤਸ਼ਾਹ ਵਿਚ ਪ੍ਰੋ: ਮਹਿਬੂਬ ਆਪਣੀ ਸਾਧਾਰਣ ਗੱਲ ਨੂੰ ਵੀ ਅਸਾਧਾਰਣ ਬਣਾ ਕੇ ਖ਼ੁਦ ਆਪਣੀ ਕਵਿਤਾ ਲਈ ਅਰਥ-ਸੰਚਾਰ ਦੀ ਸਮੱਸਿਆ ਪੈਦਾ ਕਰ ਲੈਂਦੇ ਹਨ। ਅਜੇਹੇ ਵਰਤਾਰੇ ਉਹਨਾਂ ਦੀਆਂ ਅਗਲੇਰੀਆਂ ਪੁਸਤਕਾਂ ਵਿਚ ਆਮ ਮਿਲਦੇ ਹਨ। ਉਹਨਾਂ ਦੇ ਮਿੱਥ, ਬਹੁਤ ਵਾਰ ਚੰਗੀ ਭਲੀ ਸਿੱਧੀ ਸਾਦੀ ਗੱਲ ਨੂੰ ਰਹੱਸਮਈ ਤੇ ਅਸਪਸ਼ਟ ਬਣਾ ਕੇ ਛਾਇਆਵਾਦੀ ਰੰਗ ਪੈਦਾ ਕਰਦੇ ਹਨ।

ਇਸ ਸੰਗ੍ਰਹਿ ਵਿਚੋਂ ਉਹਨਾਂ ਦੀ ਕਾਵਿ-ਸ਼ੈਲੀ ਦੀਆਂ ਖ਼ਾਸ ਵਿਸ਼ੇਸ਼ਤਾਈਆਂ ਨਿਖਰਦੀਆਂ ਵਿਕਸਿਤ ਤੇ ਪ੍ਰਪੱਕ ਹੁੰਦੀਆਂ ਹਨ, ਜਿਹੜੀਆਂ ਅਗਲੇਰੇ ਕਾਵਿ-ਸੰਗ੍ਰਹਿਆਂ ਦਾ ਮੁੱਖ ਰੰਗ ਬਣ ਗਈਆਂ ਹਨ। ਆਪਣੀ ਰਚਣ ਦੀ ਸਮਰੱਥਾ ਤੇ ਕਾਲਪਨਿਕ ਰੰਗ ਸਦਕਾ ਉਹ ਇਕ ਵਿਸ਼ੇਸ਼ ਭਾਂਤ ਦੀ ਕਾਵਿ ਸ਼ੈਲੀ ਸਿਰਜਦੇ ਹਨ। ਇਸ ਵਿਚ ਵੰਨ-ਸੁਵੰਨੇ, ਨਵੇਂ ਤੇ ਓਜ ਮਈ, ਬੀਰ-ਰਸ-ਭਰੇ, ਵਿਕੋ ਲਿੱਤਰੇ ਸ਼ਬਦਾਂ ਦਾ ਪ੍ਰਯੋਗ ਹੁੰਦਾ ਹੈ। ਇਹ ਸ਼ਬਦਾਵਲੀ ਵੱਖਰੇ ਛੰਦ-ਪ੍ਰਬੰਧ, ਨਿਵੇਕਲੇ ਮੁਹਾਵਰੇ ਦੇ ਪ੍ਰਯੋਗ ਸਦਕਾ ਉਹ ਇਕ ਵਿਸ਼ੇਸ਼ ਭਾਂਤ ਦਾ ਕਾਵਿ-ਮੁਹਾਵਰਾ ਸਿਰਜਣ ਵਿਚ ਸਫਲ ਹੁੰਦੀ ਹੈ, ਜਿਸ ਨੂੰ ਥੋੜ੍ਹੇ-ਬਹੁਤੇ ਯਤਨ ਨਾਲ ਪਾਠਕ ਪਹਿਚਾਣ ਸਕਦਾ ਹੈ। ਪ੍ਰੋ: ਬ੍ਰਹਮ-ਜਗਦੀਸ਼ ਸਿੰਘ ਨੇ ਇਸ ਭਾਂਤ ਦੀ ਕਵਿਤਾ ਨੂੰ "ਟਰਾਂਸੇਡੈਂਟਲ ਕਾਵਿ", ਦਾ ਨਾਮ ਦਿੱਤਾ ਹੈ।

ਇਸ ਕਾਵਿ-ਸ਼ੈਲੀ ਸਦਕਾ ਉਹ ਸਾਧਾਰਨ ਨੂੰ ਅਸਾਧਾਰਨ, ਯਥਾਰਥ ਨੂੰ ਅਯਥਾਰਥ ਬਣਾ ਕੇ ਪੇਸ਼ ਕਰਦਾ ਹੈ, ਜਿਹੜੀ ਪਾਠਕ ਨੂੰ ਚਕ੍ਰਿਤ ਤਾਂ ਕਰਦੀ ਹੈ, ਪਰ ਸੂਝਵਾਨ ਪਾਠਕ ਨੂੰ ਪ੍ਰਭਾਵਤ ਨਹੀਂ ਕਰਦੀ। ਅਗਲੇਰੀਆਂ ਪੰਜ ਪੁਸਤਕਾਂ ਵਿਚ, ਭਾਵੇਂ ਗੀਤ ਵੀ ਹਨ ਤੇ ਖੁੱਲ੍ਹੀ ਕਵਿਤਾ ਵੀ ਐਪਰ ਮੁੱਖ ਰੂਪ ਵਿਚ ਛੰਦ-ਬੱਧ ਲੰਮੇਰੀਆਂ ਕਾਵਿ-ਰਚਨਾਵਾਂ ਹਨ ਤੇ ਉਹਨਾਂ ਦੀ ਸੁਰ ਅਥਵਾ ਲਹਿਜਾ ਇਕੋ ਰੰਗ ਵਾਲਾ ਹੈ।

ਚਕ੍ਰਾ ਚੂੰਧ ਰਾਤ ਦੀ ਦੁਨੀਆਂ
ਸਹਿਮ ਜਾਣ ਨੈਂ ਤੋਰਾਂ

ਤਾਰਿਆਂ ਦੀ ਛਾਂ ਜਲ ਥਲ ਉਮਰਾਂ
ਸੁਣਦੇ ਕੌਣ ਘੰਘੋਰਾਂ
ਖ਼ੂਨ ਹੋਏ ਵਣਾਂ ਨੇ ਡੱਕੇ
ਠੰਢੜੀ ਦਰਿਆ ਦੀ ਛਾਂ ਨੇ
"ਸਿੰਘ ਜੰਗਲ ਦੇ ਨਾ ਭਰ ਅੱਥਰੂ"
ਅੱਜ ਕਿਹਾ ਕਿਸ ਮਾਂ ਨੇ ?
... ... ... ...
ਬ੍ਰਹਿਮੰਡਾਂ ਦੇ ਗਿਰੀ ਕੰਬਾ ਕੇ
ਸ਼ੀਹਾਂ ਉਮਰ ਗੁਜ਼ਾਰੀ
ਤਪਦੇ ਥੰਮਾਂ ਜਿਹੇ ਨੈਣਾਂ ਦੀ
ਤਪਸ਼ ਹਰੇ ਬਨਵਾਰੀ ।
... ... ... ...
ਕਿਹਾ ਬਾਜ਼ ਸ਼ੀਂਹ ਨੂੰ ਕਿਉਂ ਬੋਲੀ
ਤਪਦੇ ਨੈਣ ਨੂੰ ਪੀਣਾ ?
ਮੈਂ ਹੰਸ ਦੇ ਖ਼ੂਨ ਦਾ ਪਿਆਸਾ
ਤੁਧ ਦਾ ਮਿਰਗ ਤੇ ਜੀਣਾ (ਪੰਨਾ 74, 75)

ਇਹ ਸੁਰ ਪ੍ਰੋ: ਮਹਿਬੂਬ ਦੀ ਕਵਿਤਾ ਦਾ ਪਛਾਣ-ਚਿੰਨ ਹੈ ਤੇ ਕਵੀ ਆਗਾਮੀ ਲੰਮੇਰੀਆਂ ਕਵਿਤਾਵਾਂ ਵਿਚ ਏਸੇ ਨੂੰ ਅਪਣਾਉਂਦਾ ਆਪਣੀ ਵਿਸ਼ੇਸ਼ ਪਛਾਣ ਸਥਾਪਤ ਕਰਦਾ ਹੈ। ਇਸ ਸ਼ੈਲੀ ਤੋਂ ਹੀ ਉਸ ਦੇ ਪ੍ਰਸ਼ੰਸਕ ਪ੍ਰਭਾਵਤ ਹੋਏ ਹਨ ਤੇ ਚਕ੍ਰਿਤ ਵੀ। ਉਹ ਇਹ ਜਾਨਣ ਦਾ ਯਤਨ ਨਹੀਂ ਕਰਦੇ ਕਿ ਕਿਹੜਾ ਸ਼ਬਦ ਕੀ ਅਰਥ ਦਿੰਦਾ ਹੈ ਤੇ ਕੀ ਕਹਿੰਦਾ ਹੈ, ਪਰ ਸ਼ਬਦਾਂ ਦੀ ਵਰਤੋਂ ਇਕ ਖਾਸ ਗੁੰਜਾਰ ਪੈਦਾ ਕਰਦੀ ਹੈ। ਇਹ ਸ਼ਬਦ ਵੱਖਰਾ ਵਾਤਾਵਰਨ ਸਿਰਜਦੇ ਹਨ, ਪਰ ਨਾਲ ਹੀ ਕਵੀ ਦਾ ਯਥਾਰਥ ਨਾਲੋਂ ਨਾਤਾ ਤੋੜ "ਅਪਹੁੰਚ ਵਿਸ਼ਵ" ਨਾਲ ਜੋੜ ਦਿੰਦੇ ਹਨ। ਇਸ ਵਿਚ ਹੀ ਪ੍ਰੋ: ਮਹਿਬੂਬ-ਕਾਵਿ ਦੀ ਸੀਮਾ ਤੇ ਸੰਭਾਵਨਾ ਲੁਕੀ ਹੋਈ ਹੈ।

ਅਸਲ ਵਿਚ ਇਹ ਸ਼ੈਲੀ ਢਾਡੀ ਪਰੰਪਰਾ ਦੇ ਨੇੜੇ ਵਾਲੀ ਬੀਰ-ਰਸੀ ਰੰਗ ਵਾਲੀ ਹੈ, ਜਿਸ ਵਿਚ ਅਤਿ-ਕਥਨੀ ਅਲੰਕਾਰਾਂ ਦੀ ਭਰਮਾਰ ਹੁੰਦੀ ਹੈ, ਪਰ ਪ੍ਰੋ: ਮਹਿਬੂਬ ਇਸ ਰਾਹ ਨਹੀਂ ਤੁਰਿਆ। ਉਹ ਕਾਫੀ ਸਿਰਜਣ-ਸ਼ਕਤੀ ਦਾ ਸੁਆਮੀ ਹੈ, ਪਰ ਉਸ ਦੀ ਇਹ ਸਮਰੱਥਾ ਬੇਕਾਬੂ ਹੋ ਕੇ ਧਰਤੀ, ਸਮਾਜ ਤੇ ਮਨੁੱਖ ਨਾਲੋਂ ਰਿਸ਼ਤਾ ਤੋੜ ਕੇ ਆਕਾਸ਼ ਮੰਡਲਾਂ ਵਿਚ ਉਡਾਰੀਆਂ ਲਾਉਣ ਲੱਗ ਪੈਂਦੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਸ ਦੀ ਦਾਰਸ਼ਨਿਕ ਬਿਰਤੀ ਉਸ ਦੀ ਕਾਲਪਨਿਕ ਸ਼ਕਤੀ ਉਤੇ ਸਹੀ ਭਾਂਤ ਅੰਕੁਸ਼ ਅਥਵਾ ਨਿਯੰਤਰਣ ਨਹੀਂ ਰੱਖ ਸਕਦੀ ਤੇ ਇਹ ਬੇਕਾਬੂ ਹੋ ਕੇ, ਉਚੇਰੀਆਂ, ਆਪ-ਮੁਹਾਰੀਆਂ ਉਡਾਰੀਆਂ ਲਾਉਣ ਲੱਗ ਪੈਂਦੀ ਹੈ।



( IV )

'ਪਿਆਰੇ ਦਾ ਦੇਸ਼', 'ਝਨਾਂ ਦੀ ਰਾਤ' ਗ੍ਰੰਥਾਵਲੀ ਦੀ ਤੀਸਰੀ ਪੁਸਤਕ ਹੈ। ਇਸ ਸੰਗ੍ਰਹਿ ਦੀਆਂ ਕਾਵਿ-ਰਚਨਾਵਾਂ 1965-66 ਦੇ ਸਮੇਂ ਪਟਿਆਲੇ-ਨਿਵਾਸ ਦੌਰਾਨ ਲਿਖੀਆਂ ਗਈਆਂ ਸਨ। ਪ੍ਰੋ: ਮਹਿਬੂਬ ਦੇ ਕਥਨ ਅਨੁਸਾਰ, "ਉਹਨਾਂ ਦਿਨਾਂ ਵਿਚ ਮੈਂ ਯੋਗ ਤੇ ਤਸੱਵਫ਼ ਦੇ ਅਨੁਭਵਾਂ ਥਾਣੀ ਗੁਜ਼ਰ ਰਿਹਾ ਸਾਂ।"

ਮੇਰੀ ਰਾਏ ਅਨੁਸਾਰ ਤੀਸਰੀ ਪੁਸਤਕ 'ਝਨਾਂ ਦੀ ਰਾਤ' ਵਿਚ ਸ਼ਾਮਿਲ ਸਾਰੀ ਕਾਵਿ-ਰਚਨਾ ਵਿਚੋਂ ਵਧੇਰੇ ਸਾਰਥਕ ਰਚਨਾ ਹੈ। ਇਸ ਵਿਚ ਕਵੀ ਦੇ ਕਥਨ ਅਨੁਸਾਰ;

"ਪੰਜਾਬ ਦੇ ਅਤੀਤ ਤੇ ਵਰਤਮਾਨ ਦੇ ਵੇਖੇ ਅਤੇ ਅਣਵੇਖੇ ਪਾਤਰ ਨਜ਼ਾਰੇ, ਪਸ਼ੂ, ਪੰਛੀ ਅਤੇ ਸ਼ਹਿਰ ਮੇਰੇ ਬ੍ਰਿਹਾ ਅਤੇ ਵਜਦ ਵਿਚ ਅਕਸਰ ਇਕੱਠੇ ਹੁੰਦੇ ਹਨ। ਪਟਿਆਲੇ ਤੋਂ ਪੰਜਾ ਸਾਹਿਬ ਅਤੇ ਸਿਆਲਕੋਟ ਤੋਂ ਮੁਲਤਾਨ ਤੱਕ ਦੀ ਜ਼ਿੰਦਗੀ ਦੇ ਪ੍ਰਤੀਨਿਧ ਬੋਲੇ ਕਲਪਣਾਂ ਦੀਆਂ ਉਡਾਨਾਂ ਵੇਲੇ ਭੂਤ-ਭਵਿਖ-ਭਵਾਨ ਨਾਲ ਮੁਲਾਕਾਤ ਕਰਦੇ ਸਨ। ਇਹ ਕਵਿਤਾਵਾਂ ਅੱਡ-ਅੱਡ ਹੁੰਦੀਆਂ ਹੋਈਆਂ ਵੀ ਇਕ ਹਨ।

ਮੁੱਢਲੀ ਲੰਮੇਰੀ ਭੂਮਿਕਾ ਵਿਚ ਵੀ ਇਹਨਾਂ ਕਵਿਤਾਵਾਂ ਦੇ ਪ੍ਰੇਰਨਾ-ਸਰੋਤਾਂ ਵੱਲ ਸੰਕੇਤ ਕੀਤਾ ਗਿਆ ਹੈ;

"ਪਟਿਆਲੇ ਤੋਂ ਹਸਨ ਅਬਦਾਲ ਦਾ ਵੈਰਾਗ ਇਹਨਾਂ ਕਵਿਤਾਵਾਂ ਦੀ ਜ਼ਮੀਨ ਉੱਤੇ ਵਗ ਰਿਹਾ ਹੈ।"

ਪ੍ਰੋ: ਮਹਿਬੂਬ ਬਚਪਨ ਦੇ ਮੁਢਲੇ ਸਾਲਾਂ ਵਿਚ ਦੇਸ਼ ਵੰਡ ਕਾਰਨ ਪਾਕਿਸਤਾਨ ਵਿਚੋਂ ਆਪਣੀ ਜੰਮਣ-ਭੋਂ ਨੂੰ ਮਜਬੂਰਨ ਤਿਆਗ ਭਾਰਤ ਆ ਗਿਆ ਸੀ। ਪਰ ਆਪਣੀ ਧਰਤੀ ਦਾ ਮੋਹ ਜਾਂ ਹੇਰਵਾ ਘਟਣ ਦੀ ਥਾਂ ਵਧਦਾ ਗਿਆ। ਇਹਨਾਂ ਕਵਿਤਾਵਾਂ ਵਿਚ ਉਹ ਸਾਂਝੇ ਪੰਜਾਬੀ ਸਭਿਆਚਾਰ ਦੀ ਗੱਲ ਕਰਦਾ ਹੈ, ਸੂਫੀ ਕਵੀਆਂ ਦੇ ਵਿਰਸੇ ਨੂੰ ਪੰਜਾਬੀ ਸਭਿਆਚਾਰ ਤੇ ਸਾਹਿਤ ਦਾ ਅਮੁੱਲ ਅੰਗ ਸਮਝ ਕੇ ਉਸ ਦੀ ਮਹਿਮਾ ਗਾਉਂਦਾ ਹੈ। ਸੂਫੀ ਕਵੀਆਂ ਦੇ ਕਾਵਿ-ਮੁਹਾਵਰੇ ਤੇ ਕਾਫੀ-ਕਾਵਿ-ਰੂਪ ਦੇ ਰੰਗ ਨੂੰ ਆਪਣੀਆਂ ਨਿੱਕੀਆਂ ਵੱਡੀਆਂ ਕਾਵਿ-ਰਚਨਾਵਾਂ ਵਿਚ ਉਜਾਗਰ ਕਰਦਾ ਹੋਇਆ ਸਾਂਝੇ ਪੰਜਾਬ, ਇਸ ਦੇ ਅਮੀਰ ਵਿਰਸੇ ਤੇ ਸਭਿਆਚਾਰ ਦੇ ਅਨੇਕ ਅੰਗਾਂ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਉਂਦਾ ਹੈ। ਉਹ ਪ੍ਰੋ: ਪੂਰਨ ਦੀ ਸੁਰ ਵਿਚ, ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰਦਾ ਹੈ। ਏਥੇ ਉਹ "ਅਪਹੁੰਚ ਵਿਸ਼ਵ ਤੋਂ ਹੇਠਾਂ ਉੱਤਰ ਆਪਣੇ ਪੰਜਾਬ ਦੀ ਧਰਤੀ, ਇਸ ਦੇ ਲੋਕਾਂ, ਆਪਣੇ ਇਤਿਹਾਸਕ ਵਿਰਸੇ ਤੇ ਭੂਗੋਲਿਕ ਚੌਗਿਰਦੇ, ਆਪਣੇ ਸਭਿਆਚਾਰ ਦੇ ਵਿਚਕਾਰ ਆ ਖਲੋਂਦਾ ਹੈ। ਅਥਵਾ ਅਕਾਸ਼ ਉਡਾਰੀਆਂ ਲਾਉਣ ਦੀ ਥਾਂ ਆਪਣੀ ਧਰਤੀ ਤੇ ਉਤਰ ਆਉਂਦਾ ਹੈ। ਉਹ ਸ਼ਾਹ ਹੁਸੈਨ, ਵਾਰਸ, ਬੁੱਲ੍ਹੇ ਸ਼ਾਹ, ਸ਼ਾਹ ਮੁਹੰਮਦ, ਡਾ: ਇਕਬਾਲ, ਪੂਰਨ ਸਿੰਘ, ਸ਼ਹੀਦ ਭਗਤ ਸਿੰਘ, ਸ਼ਾਮ ਸਿੰਘ ਅਟਾਰੀ ਵਾਲਾ, ਊਧਮ ਸਿੰਘ ਵਰਗੇ ਦੇਸ਼ ਭਗਤਾਂ, ਸ਼ਾਇਰਾਂ ਦੀ ਮਹਿਮਾ ਗਾਉਂਦਾ ਤੇ ਇਹਨਾਂ ਦੀਆਂ ਪ੍ਰਾਪਤੀਆਂ ਤੇ ਮਾਣ ਕਰਦਾ ਹੈ। ਉਹ ਗਾਮੇ ਤੇ ਕੇਸਰ ਭਲਵਾਨ ਦੀ ਸਰੀਰਕ ਸ਼ਕਤੀ ਦੀ ਵਡਿਆਈ ਕਰਨੋਂ ਨਹੀਂ ਭੁੱਲਦਾ। ਨਾਲ ਦੇ

ਨਾਲ ਹੀਰ, ਸਾਂਦਲ ਬਾਰ, ਬਿਆਸ, ਸਤਲੁਜ, ਜਿਹਲਮ ਤੇ ਝਨਾਂ ਦਰਿਆ, ਗੁਰੂ ਅਰਜਨ ਦੇਵ, ਗੁਰੂ ਗੋਰਖ ਨਾਥ, ਪੰਜਾਬਣ ਕੁੜੀ, ਪੋਠੋਹਾਰਨ, ਗਦਰੀ ਸੂਰਬੀਰ, ਲਾਹੌਰ ਸ਼ਹਿਰ, ਗੱਲ ਕੀ ਸਮੁੱਚੇ ਪੰਜਾਬ ਨੂੰ ਆਪਣੇ ਕਲਾਵੇ ਵਿਚ ਲੈਂਦਾ ਪਿਆਰ, ਮੁਹੱਬਤ ਤੇ ਇਨਸਾਨੀ ਅਜ਼ਮਤ ਦੇ ਗੀਤ ਗਾਉਣ ਵਾਲਾ ਪਹਿਲਾ ਕਵੀ ਹੈ, ਜਿਸ ਦੇ ਸਮੁੱਚੇ ਪੰਜਾਬ ਨੂੰ ਆਪਣੀ ਰਚਨਾ ਦੇ ਘੇਰੇ ਵਿਚ ਲਿਆਂਦਾ ਹੈ। ਉਸ ਦੀ ਵਡਿਆਈ ਇਸ ਵਿਚ ਹੈ ਕਿ ਉਹ ਫਿਰਕੂ ਪੁਣੇ ਤੋਂ ਉੱਪਰ ਉੱਠ ਕੇ ਧਰਮ-ਨਿਰਪੱਖ ਦ੍ਰਿਸ਼ਟੀ ਅਪਣਾ ਧਾਰਮਕ ਦੀਵਾਰਾਂ ਦੇ ਉਤੋਂ ਦੀ ਲੰਘ ਕੇ ਸਿਰਫ ਪੰਜਾਬੀ ਹੋਣ ਤੇ ਮਾਣ ਕਰਦਾ ਹੈ।

ਇਹ ਗੱਲ ਵੱਖਰੀ ਹੈ ਕਿ ਆਪਣੀ ਧਰਤੀ ਤੇ ਇਸ ਦੇ ਲੋਕਾਂ ਦੀ ਗੱਲ ਕਰਦਾ ਉਹ ਮੋਹ-ਵੱਸ ਤੇ ਹੇਰਵੇ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਬਹੁਤ ਥਾਈਂ ਸਾਧਾਰਨ ਭਾਂਤ ਦੀ ਤੁਕਬੰਦੀ ਵੀ ਕਰਨ ਲੱਗ ਪੈਂਦਾ ਹੈ। ਕਾਫੀਏ ਤੇ ਛੰਦ, ਵਜ਼ਨ ਤੇ ਬਹਿਰ ਵਿਚ ਖੁੱਲ੍ਹਾਂ ਲੈਂਦਾ ਹੈ, ਪਰ ਉਹ ਪੰਜਾਬੀ ਛੰਦ-ਪ੍ਰਬੰਧ ਦੀ ਵਰਤੋਂ ਕਰਦਾ ਹੈ, ਕਰੋੜਾ ਸਲੋਕ, ਪਉੜੀ, ਕਾਫੀ, ਵਾਰ ਆਦਿ ਪੰਜਾਬੀ ਕਾਵਿ-ਰੂਪਾਂ ਤੇ ਛੰਦਾਂ ਦੀ ਵਰਤੋਂ ਦੇ ਨਾਲ-ਨਾਲ ਉਹ ਲੋਕ-ਗੀਤਾਂ ਦੇ ਵਿਰਸੇ ਨਾਲ ਜੁੜਦਾ ਮਾਹੀਆ ਗਾਉਂਦਾ ਹੈ।

ਉਸ ਦੇ ਮਾਹੀਏ ਦੇ ਟੱਪਿਆਂ ਵਿਚਲੀ, ਭਾਸ਼ਾ ਤੇ ਕਾਵਿ-ਉਸਾਰੀ ਵੇਖਣ ਵਾਲੀ ਹੈ।

ਸੁੱਤੇ ਮਿੱਟੀ 'ਚ ਸਾਹ ਮੇਰੇ
ਜਿੱਥੇ ਮੈਂ ਅਜ਼ਾਨ ਕਹੀ
ਹੋਏ ਤਾਰੇ ਗਵਾਹ ਮੇਰੇ।

ਵਣ ਰੂਹ ਦਿਲਗੀਰਾਂ ਦੇ
ਦੁਨੀਆਂ ਦੇ ਦੁੱਖ ਸਾਂਝੇ
ਵਖ ਵਿਰਦ ਫਕੀਰਾਂ ਦੇ (ਪੰਨਾ 291)

ਇਸ ਪੁਸਤਕ ਵਿਚ ਉਸ ਨੇ ਕਾਫੀ ਗਿਣਤੀ ਵਿਚ ਗੀਤ ਪੇਸ਼ ਕੀਤੇ ਹਨ। ਇਹਨਾਂ ਗੀਤਾਂ ਵਿਚ ਆਪਣੇ ਧਰਤੀ ਦਾ ਮੋਹ, ਸੱਜਰਾ ਤੇ ਮੌਲਿਕ ਅੰਦਾਜ਼ ਵੱਖਰਾ ਕਾਵਿ-ਮੁਹਾਵਰਾ ਤੇ ਕੋਮਲਤਾ ਹੈ। ਵਿਸਥਾਰ ਦੇ ਡਰੋਂ ਸਿਰਫ ਇਕ ਗੀਤ (ਪੋਠੋਹਾਰ ਦੀ ਫਜਰ ਦਾ ਗੀਤ) 'ਚੋਂ ਕੁਝ ਟੂਕਾਂ ਦੇ ਕੇ ਗੱਲ ਖਤਮ ਕਰਦਾ ਹਾਂ।

ਮੈਂ ਕੂੰਜਾਂ ਦੀ ਨੀਂਦਰ ਸੁੱਤਾ
ਗੂੰਜੀ ਹੇਕ ਨਿਆਰੀ
ਪੋਠੋਹਾਰ ਦੀਆਂ ਜੂਹਾਂ ਵਿਚ
ਫਜਰਾਂ ਦੀ ਸਰਦਾਰੀ
ਹਿੱਕੋਂ ਚਿਣਗ ਚੁੰਡ ਵਿਚ ਚਾਈ
ਪੱਥਰਾਂ ਉੱਤੇ ਕੂੰਜਾਂ
ਬੈਠ ਲੁਕਾਵਣ ਖੰਭਾਂ ਹੇਠਾਂ
ਘਟ ਸਾਵਣ ਦੀ ਕਾਰੀ।



ਨਾਭ ਪਠਾਰਾਂ ਦੇ ਵਿਚ ਚਮਕੇ
ਹੜ ਕਣਕਾਂ ਦਾ ਮੱਤਾ
ਦੂਰ ਸੁਹਾਂ ਦੇ ਰੁੱਖਾਂ ਉੱਤੇ
ਕੂਕੇ ਕੋਇਲ ਵਿਚਾਰੀ

ਬੂੰਦ ਸ਼ਹਿਦ ਦੀ ਪੱਥਰਾਂ ਉੱਤੇ
ਛੱਡ ਗਏ ਬਿਰਛ ਵਿਚਾਰੇ
ਫਿਰਦਾ ਨਾਗ ਜੀਆ ਬਨਬਾਸੀ
ਚੱਟਦਾ ਬੂੰਦ ਉਧਾਰੀ (ਪੰਨਾ 251)

ਸਪਸ਼ਟ ਹੈ ਕਿ ਕੋਈ ਵੀ ਕਵੀ ਆਪਣੀ ਧਰਤੀ, ਇਸ ਦੇ ਇਤਿਹਾਸ ਤੇ ਸਭਿਆਚਾਰ ਅਥਵਾ ਜਨ-ਜੀਵਨ ਨਾਲੋਂ ਟੁੱਟ ਕੇ "ਅਪਹੁੰਚ ਵਿਸ਼ਵ" ਵਿਚ ਕਾਲਪਨਿਕ ਉਡਾਰੀਆਂ ਮਾਰਦਾ ਚੰਗੀ ਕਵਿਤਾ ਨਹੀਂ ਲਿਖ ਸਕਦਾ। ਅਗਲੇਰੀਆਂ ਕਾਵਿ-ਪੁਸਤਕਾਂ ਦੇ ਅਧਿਐਨ ਤੋਂ ਪਤਾ ਲੱਗੇਗਾ ਕਿ ਪ੍ਰੋ: ਮਹਿਬੂਬ ਪੰਜਾਬੀ ਲੋਕਾਂ, ਇਸ ਦੀ ਧਰਤੀ ਤੇ ਸਭਿਆਚਾਰ ਨਾਲ ਆਪਣੀ ਇਸ ਨੇੜਤਾ ਨੂੰ ਕਾਇਮ ਰੱਖਦਾ ਹੈ ਜਾਂ ਇਸ ਨੂੰ ਭੰਗ ਕਰਦਾ ਹੈ। ਕਿਸੇ ਵੀ ਕਵੀ ਦੀ, ਭਾਵੇਂ ਉਹ ਕਿੰਨਾ ਵੀ ਕਾਲਪਨਿਕ ਜਾਂ ਦਾਰਸ਼ਨਿਕ ਹੋਵੇ, ਸਫਲਤਾ ਜਾਂ ਅਸਫਲਤਾ ਇਸ ਨੇੜਤਾ ਜਾਂ ਦੂਰੀ ਤੇ ਨਿਰਭਰ ਹੁੰਦੀ ਹੈ।

( V )

ਚੌਥੇ ਕਾਵਿ-ਸੰਗ੍ਰਹਿ "ਆਖ਼ਰੀ ਸ਼ਾਮ" ਨੂੰ ਕਵੀ ਨੇ "ਬੇਵਕਤੀ ਦਾ ਛਿਣ" ਕਿਹਾ ਹੈ। ਇਹ ਕਵਿਤਾਵਾਂ 1969 ਦੇ ਸਾਲ ਵਿਚ ਲਿਖੀਆਂ ਗਈਆਂ। ਸੰਖੇਪ ਭੂਮਿਕਾ ਵਿਚ ਕਵੀ ਲਿਖਦਾ ਹੈ;

"ਆਖ਼ਰੀ ਸ਼ਾਮ" ਦੀਆਂ ਬਹੁਤੀਆਂ ਕਵਿਤਾਵਾਂ ਬੇਵਤਨ ਹੋਣ ਦੇ ਛਿਣ ਦਾ ਵਿਸਥਾਰ ਹਨ। ਅਤਿ ਪਿਆਰੀ ਵੱਥ ਦੇ ਗੁਆਚ ਜਾਣ ਦਾ ਹੌਕਾ, ਮਾਂ ਪਿਓ ਦੇ ਦੇਸ਼ ਦਾ ਜਬਰੀ ਖੋਹਿਆ ਜਾਣਾ, ਕੌਮ ਦੀ ਰੂਹ ਦਾ ਬਰਬਾਦ ਹੋਣਾ, ਮਾਹੀ ਦੀ ਯਾਦ ਉੱਤੇ ਗੁਲਾਮੀ ਦੇ ਪਹਿਰੇ...ਕਵੀ ਲਈ ਬੇਵਤਨ ਹੋਣ ਦੇ ਬਰਾਬਰ ਹੈ...ਮਿਸਾਲ ਲਈ ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਸਿੱਖ ਕੌਮ ਦੀ ਦੁਖਾਂਤਕ ਹੋਣੀ ਦੇ ਇਤਿਹਾਸ ਨਾਲ ਤੁਅੱਲਕ ਰੱਖਦੀਆਂ ਹਨ।"

"ਕੌਮੀ ਸਿਦਕ ਦੀ ਘੜੀ ਉੱਤੇ ਬੇਵਤਨ ਹੋਣ ਦੀ ਪੀੜ ਸ਼ਹਾਦਤ ਦਾ ਵਿਜੇਈ ਜਜ਼ਬਾ ਉਭਾਰਦੀ ਹੈ ਜਾਂ ਕਿਸੇ ਅਟੱਲ ਫੈਸਲੇ ਦਾ ਨਾਹਰਾ ਲਗਾਉਂਦੀ ਹੈ (ਵੱਖਰਾ ਰਾਹ) ਜਾਂ ਮਾਹੀ ਦੇ ਮੁੜ ਆਉਣ ਦੀ ਉਮੀਦ ਨੂੰ ਹਰ ਹਸ਼ਰ ਦੀ ਘੜੀ ਦੀ ਸ਼ਿੱਦਤ ਤੱਕ ਲੈ ਜਾਂਦੀ ਹੈ।"

ਜੇ ਉਪਰਲੀਆਂ ਟੂਕਾਂ ਨੂੰ ਸਾਧਾਰਨ ਰੂਪ ਵਿਚ ਵੀ ਪੜ੍ਹੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਕਵੀ ਸਿੱਖਾਂ ਦੀ ਵੱਖਰੀ ਕੌਮ ਹੋਣ ਦੀ ਗੱਲ ਕਰਦਾ ਹੈ ਤੇ ਪਿਛਲੇਰੇ ਕਾਵਿ-ਸੰਗ੍ਰਹਿ

ਵਿਚਲੇ ਪੰਜਾਬੀ ਹੋਣ ਦੇ ਵਿਸ਼ਵਾਸ਼ ਨੂੰ ਤਿਆਗ ਰਿਹਾ ਹੈ। ਕੌਮ ਧਰਮ ਦੇ ਨਾਂ ਤੇ ਨਹੀਂ ਬਣਦੀ, ਸਗੋਂ ਸਾਂਝੀ ਬੋਲੀ ਤੇ ਸਭਿਆਚਾਰ ਇਤਿਹਾਸ ਤੇ ਭੂਗੋਲ ਦੇ ਸਿਰ ਤੇ ਉਸਰਦੀ ਹੈ। ਜੇ ਪੰਜਾਬ ਦੇ ਸਿੱਖ ਵੱਖਰੀ ਕੌਮ ਹਨ ਤਾਂ ਪੰਜਾਬ ਵਿਚ ਵੱਸਦੇ ਹੋਰ ਫਿਰਕਿਆਂ ਦੇ ਲੋਕੀਂ, ਮੁਸਲਮਾਨ, ਹਿੰਦੂ, ਈਸਾਈ ਕੀ ਵੱਖਰੀਆਂ-ਵੱਖਰੀਆਂ ਕੌਮਾਂ ਹਨ? ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਇਸਲਾਮ ਦੇ ਨਾਹਰੇ ਹੇਠ ਬਣੇ ਪਾਕਿਸਤਾਨ ਵਿਚ ਸਿਰਫ ਇਕ ਮੁਸਲਮਾਨ ਕੌਮ ਹੈ ਜਾਂ ਸਿੰਧੀ, ਪੰਜਾਬੀ, ਬਲੋਚੀ ਤੇ ਪਖਤੂਨ ਚਾਰ ਕੌਮਾਂ ਹਨ। ਸਪਸ਼ਟ ਹੈ ਕਿ ਕਵੀ "ਸਭ ਤੋਂ ਵੱਧ ਪੜ੍ਹਿਆ ਲਿਖਿਆ" ਹੋਣ ਦੇ ਬਾਵਜੂਦ ਸਾਧਾਰਣ ਜਥੇਦਾਰਾਂ ਦੇ ਨਾਹਰੇ ਨੂੰ ਚੁੱਕ ਕੇ ਪੰਜਾਬੀ ਕੌਮ ਨੂੰ ਧਰਮਾਂ ਤੇ ਫਿਰਕਿਆਂ ਦੇ ਆਧਾਰ ਤੇ ਵੰਡਣ ਦੇ ਕੁਰਾਹੇ ਪੈ ਗਿਆ ਹੈ।

ਉਕਤ ਭੂਮਿਕਾ 23-7-89 ਦੀ ਲਿਖੀ ਹੋਈ ਹੈ, ਪਰ ਆਖਰੀ ਸ਼ਾਮ ਦੀਆਂ ਕ਼ਵਿਤਾਵਾਂ 1969 ਦੀਆਂ ਪੂਰੇ ਵੀਹ ਸਾਲ ਪਹਿਲਾਂ ਦੀਆਂ। ਮਹਿਬੂਬ ਦਾ ਦੁਖਾਂਤ ਇਹ ਹੈ ਕਿ ਉਹ ਵੀਹ ਸਾਲ ਪਹਿਲਾਂ ਲਿਖੀਆਂਕ ਵਿਤਾਵਾਂ ਦੀ ਜਿਹੜੀ ਵਿਅ ਖਿਆ ਕਰਦਾ ਹੈ, ਉਹ ਕਵਿਤਾਵਾਂ ਨਾਲ ਮੇਲ ਨਹੀਂ ਖਾਂਦੀ। ਚਿੰਤਕਤੇ ਰਚਨਾ ਦਾ ਦਵੰਦ ਏਥੇ ਹੀ ਪ੍ਰਗਟ ਹੁੰਦਾ ਹੈ।

ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਉਹ ਤੀਸਰੇ ਸੰਗ੍ਰਹਿ ਵਿਚ ਪ੍ਰਗਟ ਪੰਜਾਬੀ ਭਾਵਨਾ ਨੂੰ ਕਿਸੇ ਹੱਦ ਤੀਕ ਤਿਆਗ, ਸੰਪਰਦਾਇਕ ਸੋਚਣੀ ਦਾ ਸ਼ਿਕਾਰ ਹੋ ਜਾਂਦਾ ਹੈ, ਪਰ ਫੇਰ ਵੀ ਉਹ ਕੱਟੜ ਫਿਰਕਾਪ੍ਰਸਤ ਪੈਂਤੜਾ ਨਹੀਂ ਲੈਂਦਾ। ਗੁਰਪੁਰਬਾਂ ਦੇ ਸਮੇਂ ਗੁਰਦਵਾਰਿਆਂ ਵਿਚ ਪੜ੍ਹੀਆਂ ਜਾਣ ਵਾਲੀਆਂ ਸਾਧਾਰਨ ਸ਼ਰਧਾ-ਮਈ, ਰੰਗ ਵਾਲੀਆਂ ਇਹਨਾਂ ਕਵਿਤਾਵਾਂ ਵਿਚ ਉਹ ਗੁਰੂ ਗੋਬਿੰਦ ਸਿੰਘ ਤੇ ਉਹਨਾਂ ਦੇ ਬਾਜ਼ ਨੂੰ ਵਾਜਾਂ ਮਾਰਦਾ ਹੈ, ਖੁੱਸੇ ਸਿੱਖ ਰਾਜ ਦਾ ਹੇਰਵਾ ਹੰਢਾਉਂਦਾ ਹੈ, ਮਹਾਰਾਜਾ ਦਲੀਪ ਸਿੰਘ ਨੂੰ ਯਾਦ ਕਰਦਾ ਹੈ।

ਉਹ ਆਇਆ ਕੋਲ ਪੁਰਾਣੇ ਤੇ
ਜਦ ਮੱਚਿਆ ਰਣ ਖਦਰਾਣੇ ਤੇ
ਸਭ ਨਜ਼ਰਾਂ ਬਾਜ਼ ਸੁਹਾਣੇ ਤੇ
ਝੁਕ ਮਹਾਂ ਸਿੰਘ ਦੀਆਂ ਅੱਖੀਆਂ ਤੇ
ਘੁੱਟ ਅਰਜ਼ ਨੂੰ ਸੀਨੇ ਲਾ ਜਾਂਦਾ
ਮੇਰਾ ਦੀਨ-ਦੁਨੀਂ ਦਾ ਸ਼ਾਹ ਜਾਂਦਾ (ਪੰਨਾ 305)

ਉਹ ਭਾਵੇਂ ਆਪਣੀ ਇਕ ਕਵਿਤਾ ਵਿਚ (ਵਾਹਗੇ ਤੋਂ ਪਾਰ ਵੱਸਦੇ ਪੰਜਾਬ ਨੂੰ ਅਸੀਸ) ਪੰਜਾਬ ਦੀ ਗੱਲ ਤੋਰਦਾ ਹੈ, ਪਰ ਗੱਲ ਖੁਸ ਗਏ ਸਿੱਖ ਰਾਜ ਦੀ ਵਧੇਰੇ ਕਰਦਾ ਹੈ।

ਇਸ ਸੰਗ੍ਰਹਿ ਵਿਚ ਸ਼ਾਮਲ ਦੋ ਕਵਿਤਾਵਾਂ 'ਵੱਖਰਾ ਰਾਹ' ਤੇ 'ਸਿੱਖ ਸ਼ਹੀਦ ਦੀ ਅਰਦਾਸ' ਵਿਸ਼ੇਸ਼ ਧਿਆਨ ਮੰਗਦੀਆਂ ਹਨ। ਕਵੀ, "ਹਿੰਦੂ ਫਲਸਫੇ, ਇਤਿਹਾਸ ਅਤੇ ਵਕਤ ਦੇ ਹਾਕਮਾਂ ਨੂੰ ਖਾਲਸਾ ਜੀ ਦੇ ਕੁਝ ਉਦਾਸ ਸੁਆਲ" ਪੁੱਛਣ ਦੇ ਰਾਹ ਤੁਰਦਾ ਹੈ, ਪਰ ਕਰੋਧਮਈ ਸੁਰ ਦੀ ਥਾਂ ਉਹ ਰੋਣ ਹਾਕੇ ਜੇਹੇ ਪ੍ਰਸ਼ਨ ਹੀ ਖੜੇ ਕਰ ਸਕਿਆ ਹੈ, ਨਜ਼ਮ



ਦਾ ਆਰੰਭ ਹੈ;

ਕਾਈ ਦੱਸਣਾ ਯਾਰ ਗੁਨਾਹ ਸਾਡਾ
ਜੱਗ ਦੱਸਦਾ ਵੱਖਰਾ ਰਾਹ ਸਾਡਾ
ਜਾਂ ਫਿਰ ਹੋ ਨੀਲਾ ਲਹੂ ਲੁਹਾਣ ਗਿਆ
ਕੋਈ ਚੱਲੇ ਹਜ਼ੂਰ ਨਾ ਵਾਹ ਸਾਡਾ
ਵਿਚ ਮੋਇਆ ਦੇਸ ਬਗਾਨੇ ਜਾ
ਕੋਈ ਤਾਜ ਸਿਰਾਂ ਤੋਂ ਲਾਹ ਸਾਡਾ

(ਮਹਾਰਾਜਾ ਦਲੀਪ ਸਿੰਘ)

ਸਿੱਖ ਲੀਡਰਸ਼ਿਪ ਤੋਂ ਉਪਰਾਮ ਹੋਇਆ ਉਹ ਲਿਖਦਾ ਹੈ

ਰੂਹਾਂ ਰੋ ਬਨਬਾਸਾਂ ਦੇ ਵਿਚ ਧਈਆਂ
"ਬੇਖ਼ਬਰ ਉਦਾਸ ਮਲਾਹ ਸਾਡਾ"

ਅਖੀਰ ਤੇ ਕਵੀ ਗੁਰੂ ਗੋਬਿੰਦ ਸਿੰਘ ਹੁਰਾਂ ਨੂੰ ਵਾਜਾਂ ਮਾਰਦਾ ਸਾਧਾਰਨ ਸਟੇਜੀ ਕਵੀ ਦੀ ਪੱਧਰ ਤੇ ਆ ਜਾਂਦਾ ਹੈ।

ਮਨੀ ਸਿੰਘ ਦੇ ਪੋਟਿਆਂ ਤੇ ਕਰਮ ਤੁਹਾਡਾ
ਇਸ ਮਿੱਟੀ ਦੀ ਮੁੱਠ ਵਿਚ ਕੁਰਲਾਟ ਹੈ ਡਾਢਾ
ਬਹੁੜੀਂ ਕਲਗੀ ਵਾਲਿਆ, ਕੋਈ ਦੇਸ ਨਾ ਸਾਡਾ

(ਪੰਨਾ 390)

ਇਸ ਸੰਗ੍ਰਹਿ ਵਿਚ ਕਵੀ ਦਾ ਕਾਵਿ-ਪੱਧਰ ਬਹੁਤ ਥੱਲੇ ਆ ਜਾਂਦਾ ਹੈ। ਉਹ ਸਿੱਖ ਦੀ ਗਵਾਚੀ ਕਿਰਪਾਨ ਬਾਰੇ ਸ਼ਾਹ ਹੁਸੈਨ ਨੂੰ ਪੁੱਛਣ ਤੁਰ ਪੈਂਦਾ ਹੈ। ਭਲਾ ਸ਼ਾਹ ਹੁਸੈਨ ਉਸ ਨੂੰ ਕੀ ਦੱਸ ਸਕਦਾ ਹੈ?

ਤੈਨੂੰ ਸ਼ਾਹ ਹੁਸੈਨਾ ਅਰਜ਼ ਕਰਾਂ
ਦੇ ਵਿਛੜੀ ਜੋ ਕਿਰਪਾਨ ਮਿਰੀ
ਅੱਜ ਨਵੀਉਂ ਨਵੀਂ ਪਛਾਣ ਮਿਰੀ (ਪੰਨਾ 319)

ਗੱਲ ਕੀ, ਉਹ ਆਪਣੀਆਂ ਪੁਸਤਕਾਂ ਦੀਆਂ ਭੂਮਿਕਾਵਾਂ ਰਾਹੀਂ ਵੀਹ, ਤੀਹ ਸਾਲ ਪਹਿਲਾਂ ਦੀਆਂ ਲਿਖੀਆਂ ਕਵਿਤਾਵਾਂ ਦੇ ਨਵੇਂ ਪਰ ਗ਼ਲਤ ਅਰਥ ਕੱਢਣ ਦਾ ਉਪਰਾਲਾ ਕਰਦਾ ਹੈ ਤੇ ਜਾਣ ਬੁੱਝ ਕੇ ਨਵੇਂ ਸ਼ੰਕੇ, ਭੁਲੇਖੇ ਖੜੇ ਕਰਕੇ ਪਾਠਕ ਨੂੰ ਗੁਮਰਾਹ ਕਰਨ ਦਾ ਯਤਨ ਕਰਦਾ ਹੈ। ਆਪਣੀ ਕਵਿਤਾ, "ਮਨ ਪਰਦੇਸੀ ਜੇ ਥੀਐ" ਵਿਚ ਵੀ ਜਾਪਦਾ ਹੈ ਕਿ ਸਿੱਖ-ਮਨ ਦੀ ਵਿਦਰੋਕਤਾ ਦਾ ਪ੍ਰਗਟਾ ਕਰ ਰਿਹਾ ਹੈ, ਪਰ ਇਸ ਕਵਿਤਾ ਵਿਚ ਵੀ ਉਹ ਬੀਤ ਚੁੱਕੇ ਸਿੱਖ-ਇਤਿਹਾਸ ਵੱਲ ਸੰਕੇਤ ਮਾਤਰ ਹੀ ਕਰਦਾ ਹੈ।

ਦੂਰ ਲੱਖੀ ਦੇ ਜੰਗਲੀਂ, ਤਨ ਸੜਦਾ ਸਾਡਾ
ਨਨਕਾਣੇ ਤੋਂ ਦੂਰ ਹੋ, ਮਨ ਭਰਦਾ ਸਾਡਾ

ਇਸ ਸੰਗ੍ਰਹਿ ਦੀ ਸਿਰਫ ਇਕੋ ਹੀ ਕਵਿਤਾ ਹੈ, ਜਿਸ ਵਿਚ ਉਹ ਆਪਣੇ ਅਸਲੀ ਰੰਗ ਦਾ ਪ੍ਰਗਟਾਵਾ ਕਰਦਾ, ਯਥਾਰਥ ਤੋਂ ਦੂਰ ਜਾ "ਅਪਹੁੰਚ ਵਿਸ਼ਵ" ਦੀਆਂ ਗੱਲਾਂ ਕਰਦਾ ਹੈ। ਪ੍ਰੋ: ਮਹਿਬੂਬ ਜਦੋਂ ਵੀ ਦਿਸਦੇ ਸੰਸਾਰ ਅਥਵਾ ਆਪਣੇ ਸਮਾਜਕ ਚੌਗਿਰਦੇ ਦੀ ਗੱਲ ਕਰਨ ਲੱਗਦਾ ਹੈ ਤਾਂ ਸਾਧਾਰਨ, ਸਟੇਜੀ ਕਵਿਤਾ ਦੀ ਪੱਧਰ ਤੇ ਆ ਡਿੱਗਦਾ ਹੈ। ਉਸ ਦਾ ਮਨ-ਭਾਉਂਦਾ ਖੇਤਰ ਹੀ "ਅਪਹੁੰਚ ਵਿਸ਼ਵ" ਹੈ, ਜਿੱਥੇ ਉਹ ਆਪਣੇ ਵੱਖਰੇ ਅੰਦਾਜ਼ ਨੂੰ ਕਾਇਮ ਰੱਖਦਾ ਹੈ, ਜਿਵੇਂ;

ਸ਼ਕਲ ਅਨਾਦ ਝਿਮੀ ਵਿਚ ਖੰਡਾਂ
ਰੋਹ ਬਾਜ਼ਾਂ ਦਾ ਛਿੜਿਆ
ਚੀਖ਼ ਅਸੰਖ ਜਨਮ ਦੀ ਡਾਢੀ
ਚਰਖ ਮਹਾਨ ਹੋ ਫਿਰਿਆ

ਮਹਾਨ ਨਜ਼ਰ ਬਾਜ਼ਾਂ ਦੀ ਡੁੱਬੀ, ਛੋਹ ਮਜ਼ਲੂਮ ਹਵਾਵਾਂ
ਲਹੂ ਜਿਨ੍ਹਾਂ ਤੇ ਬਹਿ ਜਨਮਾਂ ਦਾ, ਰੋ ਰੋ ਕਰੇ ਦੁਆਵਾਂ

(ਸ਼ਕਲ ਅਨਾਦਿ ਪੰਨਾ 3 77)

( VI )

ਪੰਜਵੀਂ ਪੁਸਤਕ 'ਝਨਾਂ ਦੀ ਰਾਤ' ਹੈ, ਜਿਸ ਦੇ ਨਾਂ ਤੇ ਕਵੀ ਨੇ ਵੱਡ-ਆਕਾਰੀ ਪੁਸਤਕ ਦਾ ਨਾਂ ਰੱਖਿਆ ਹੈ। ਇਹ ਨਜ਼ਮਾਂ ਕਵੀ ਨੇ 1980 ਦੇ ਸਾਲ ਵਿਚ ਲਿਖੀਆਂ। ਪ੍ਰੋ: ਮਹਿਬੂਬ ਅਨੁਸਾਰ, "ਕੁਦਰਤ ਦਾ ਹੁਸਨ ਅਤੇ ਯਾਰ ਮੇਰੇ ਕਾਵਿ-ਆਵੇਸ਼ ਦੀ ਨਿਗਾਹਬਾਨੀ ਕਰ ਰਹੇ ਸਨ।.........ਝਨਾਂ ਦੀ ਰਾਤ ਹੁਸਨ ਦੀ ਮੁਕੰਮਲ ਪਛਾਣ ਦੀ ਅਵਸਥਾ ਹੈ", 160 ਸਫ਼ਿਆਂ ਵਿਚ ਫੈਲੀਆਂ ਇਹਨਾਂ ਕਵਿਤਾਵਾਂ ਵਿਚ ਉਹ ਜਾਂਗਲੀ ਛੋਹਰਾਂ, ਸੁੰਦਰੀਆਂ, ਸੋਹਣੀ ਤੇ ਮਿਰਜ਼ੇ ਦੀ ਕਥਾ ਆਪਣੇ ਰੰਗ ਵਿਚ ਪੇਸ਼ ਕਰਦਾ ਹੈ। ਦ੍ਰਿਸ਼-ਚਿਤਰਨ, ਦੇ ਚੰਗੇ ਨਮੂਨੇ ਇਹਨਾਂ ਕਵਿਤਾਵਾਂ ਵਿਚ ਪੇਸ਼ ਹਨ। ਤੇ ਕੋਈ ਵੀ ਵਿਵਾਦ-ਉਕਸਾਊ ਰਾਜਸੀ ਰੰਗ ਵਾਲੀ ਨਜ਼ਮ ਇਸ ਸੰਗ੍ਰਹਿ ਵਿਚ ਸ਼ਾਮਿਲ ਨਹੀਂ ਹੈ। ਪੰਜਾਬ ਦੀਆਂ ਪ੍ਰੀਤ ਕਹਾਣੀਆਂ ਦੀ ਪੁਨਰ-ਸਿਰਜਣਾ ਦੇ ਨਾਲ ਨਾਲ ਉਹ ਬਾਰ ਬਾਰ ਉਹਨਾਂ ਵਿਸ਼ਿਆਂ ਵਲ ਪਰਤਦਾ ਹੈ, ਜਿਹੜੇ ਪ੍ਰੋ: ਮਹਿਬੂਬ ਕਾਵਿ ਦੇ ਅਸਲੀ ਪਛਾਣ-ਚਿੰਨ ਹਨ। ਸੁਹਜ-ਭਰਪੂਰ ਕੋਮਲ ਕਾਵਿ-ਚਿਤਰ ਉਸ ਦੀ ਰਚਨਾ ਵਿਚ ਆਮ ਹਨ।

ਸੰਝ ਨੂੰ ਪਿਪਲਾਂ ਹੇਠ ਛੰਭਾਂ ਤੇ, ਆਇਆ ਜੁਗਨੂੰ ਦੂਰ ਕਿਤੇ
ਮੁੜ ਆਵੇਗੀ ਨਾਰ ਛਬੀਲੀ, ਲੈ ਕੇ ਰੰਗ ਗਰਾਵਾਂ ਦੇ
... ... ... ... ... ... ... ... ...
ਜਾਂ ਜੁਗਨੂੰ ਦੇ ਪਰ ਤੇ ਕੁਝ ਲਿਖਿਆ, ਤੇਡੀਂ ਨਜ਼ਰ ਸੁਹਾਣੀ
ਕਾਲਿਆਂ ਝੱਖੜਾਂ ਨੂੰ ਰਾਹ ਦੱਸਦਾ, ਮਹਿੰਦੀ-ਰੰਗਿਆਂ ਤੀਰਾਂ ਦੇ
... ... ... ... ... ... ... ... ...
ਭਰੀਆਂ ਜ਼ੁਲਫ਼ਾ, ਸਾਉਣ ਮਹੀਨਾ, ਸੂਹੀਆਂ ਸਬਜ਼ ਪੁਸ਼ਾਕਾਂ
ਜੋਬਨ ਵਾਂਗ ਤੁਰੇਂਗੀ ਜਦ ਤੂੰ, ਦਿਸਣਗੇ ਸ਼ਹੁ ਦਿਲਗੀਰਾਂ ਦੇ



ਜਾਂ ਸਦ ਅਬੋਲ ਚਾਅ ਨੂੰ ਲਿਆਈਆਂ, ਬੇਲਿਆਂ ਦੇ ਵਿਚ ਕੂੰਜਾਂ
ਕੁਝ ਹੀ ਭੇਤ ਧਰਤ ਦਾ ਪਾਵਣ, ਘਾਹ ਤੇ ਸੁੱਤੀਆਂ ਬੂੰਦਾਂ

ਪ੍ਰੋ: ਮਹਿਬੂਬ ਇਸ ਸੰਗ੍ਰਹਿ ਵਿਚ ਆਪਣੇ ਅਸਲ ਰੰਗ ਦੇ ਦੀਦਾਰ ਵੀ ਕਰਾਉਂਦਾ ਹੈ, ਜਿਥੇ ਉਹ ਸਮਾਜਕ ਯਥਾਰਥ ਦੀ ਪੇਸ਼ਕਾਰੀ ਨੂੰ ਭੁੱਲ, ਅਪਹੁੰਚ ਵਿਸ਼ਵ ਦੀ ਗੱਲ ਕਰਦਾ ਹੈ।

ਫੇਰ ਮੇਰੀ ਜਾਨ ਤੇ ਕਰਜ਼ੇ, ਨੂਰ ਵੇਲੇ ਦੇ ਪਾਣੀ
ਕੋਟ ਵਾਰ ਹਫ ਜਿੰਦ ਗਗਨਾਂ ਦੀ, ਮੰਝਧਾਰੀ ਕੁਮਲਾਣੀ

ਯੁੱਗਾਂ ਦੇ ਪੈਂਡੇ ਸੁਕ ਜਾਵਣ ਦੀ, ਹੂੰਗਰ ਵਿਚ ਗੁਬਾਰਾਂ
ਅੰਬਰ ਵੇਖ ਸਕੇ ਨਾ ਮੈਨੂੰ, ਨਾਂਹ ਧਰਤੀ ਨੂੰ ਸਾਰਾਂ

ਇਸ ਸੰਗ੍ਰਹਿ ਵਿਚ ਕਵੀ ਛੰਦ ਤੇ ਵਜ਼ਨ ਦੀ ਪਕਿਆਈ ਦਾ ਵੀ ਪ੍ਰਮਾਣ ਦਿੰਦਾ ਹੈ।

ਇਸ ਸੰਗ੍ਰਹਿ ਦੀ ਨਜ਼ਮ "ਅੰਬਾਂ ਦੇ ਬਾਗਾਂ ਵਿਚ ਪੱਤਝੜ ਦੀ ਇਕ ਦੁਪਹਿਰ" ਉਹ ਪੰਜਾਬ ਦੇ ਪਿੰਡਾਂ ਦੇ ਧਰਤ-ਦ੍ਰਿਸ਼ ਚਿਤਰਦਾ ਹੈ, ਗੱਲ ਬੜੀ ਖੂਬਸੂਰਤੀ ਨਾਲ ਆਰੰਭ ਕਰਦਾ ਹੈ, ਪਰ ਦੋ ਪੰਗਤੀਆਂ ਬਾਅਦ ਹੀ ਚੌਦਾਂ ਤਬਕਾਂ ਦਾ ਜ਼ਿਕਰ ਛੇੜ ਬੈਠਦਾ ਹੈ। ਪਹਿਲੇ ਦੋ ਪਹਿਰੇ ਵੇਖਣ ਵਾਲੇ ਹਨ।

ਗੂੜ੍ਹੀਆਂ ਛਾਵਾਂ ਸਿਖਰ ਦੁਪਹਿਰਾਂ, ਉਦਰੇਵੇਂ ਵਿਚ ਵੇਖਾਂ
ਡੰਡੀਆਂ ਉੱਤੇ ਊਂਘੜ ਚਿਰ ਤੋਂ, ਸੈ ਰਾਹੀਆਂ ਦੀਆਂ ਹੇਕਾਂ

ਪੰਛੀ ਦੀਆਂ ਨਜ਼ਰਾਂ ਵਿਚ ਦੂਰੋਂ, ਉਡਦੇ ਪਏ ਪ੍ਰਛਾਵੇਂ
ਸੁੰਨੀਆਂ ਖ਼ਾਨਗਾਹਾਂ ਵਲ ਵੇਖਣ, ਕਲ ਵਲ ਮੂਕ ਧਰੇਕਾਂ

( ਪੰਨਾ—454 )

ਐਪਰ ਛੇਤੀ ਹੀ, ਅਥਵਾ ਅਗਲਿਆਂ ਬੰਦਾਂ ਵਿਚ ਉਹ ਹਵਾਈ-ਜਹਾਜ਼ ਵਾਂਗ ਅੰਬਰ ਦੀ ਉਡਾਰੀ ਭਰ ਉੱਚੀਆਂ ਉਡਾਰੀਆਂ ਤੇ ਤੁਰ ਪੈਂਦਾ ਹੈ।

ਸੁੰਝ ਵਿਰਾਟ ਨੇ ਅੱਥਰੂ ਫੜ ਲਏ
ਡਿੱਗੇ ਖੰਭ ਦੇ ਹੇਠਾਂ
ਮਾਰੂਥਲ ਦੇ ਹੱਥ ਤੇ ਬਲੀਆਂ
ਤੂਰ ਦੀਆਂ ਕੁਝ ਰੇਖਾਂ

ਇਸ ਸੰਗ੍ਰਹਿ ਦੀ ਵੱਡ-ਅਕਾਰੀ-ਕਵਿਤਾ "ਝਨਾਂ ਦੀ ਰਾਤ" ਹੈ ਜਿਹੜੀ 472 ਸਫ਼ੇ ਤੋਂ ਆਰੰਭ ਹੋ ਕੇ 541 ਸਫ਼ੇ ਤੀਕ ਜਾਂਦੀ ਹੈ। ਇਸ ਵਿਚ ਝਨਾਂ ਦਾ ਤਾਂ ਇਕ ਬੱਸ ਨਾਂਮ ਹੀ ਹੈ। ਕਵੀ ਲੰਮੀ ਉਡਾਰੀ ਤੇ ਤੁਰਦਾ ਹੈ, ਵੱਖ ਵੱਖ ਥਾਵਾਂ, ਸ਼ਹਿਰਾਂ ਤੋਂ ਹੁੰਦਾ ਹੋਇਆ ਆਪਣੇ ਲੰਮੇਰੇ ਸਫਰ ਦੇ ਪੜਾਵਾਂ ਦਾ ਜ਼ਿਕਰ ਕਰਦਾ ਹੈ।

ਅੱਧੀ ਰਾਤ ਨਦੀ ਦੇ ਪਾਰੋਂ, ਕੂਕ ਦਿਤੀ ਮੈਂ ਮੋਰਾਂ
ਦੇਸ਼ ਦੀਆਂ ਮੈਂ ਛੱਡ ਕੇ ਝੋਕਾਂ, ਤੁਰਿਆ ਚੁੱਕ ਘੰਗੋਰਾਂ

ਫ਼ਿਰ ਥਲਾਂ ਦਾ ਸਫ਼ਰ; (ਪੰਨਾ 475)

ਵੜਿਆ ਥਲਾਂ ਦੇ ਵਿਚ ਮੈਂ, ਦਾਮਨ ਕਾਲ ਦਾ ਚੁੰਮ
ਹੋਸ਼ਾਂ ਦੇ ਵਲ ਆਈਆਂ, ਕੋਲ ਇਕੱਲਾ ਘੁੰਮ

ਥਲਾਂ ਵਿਚੋਂ ਫਿਰ,

ਕਰ ਅਰਦਾਸਾਂ ਲੰਮੀਆਂ, ਮੈਂ ਉਡਦਾ ਵੱਲ ਲੋਅ
ਨੂਰੀ ਪੌਣ ਦਾ ਪਤਾ ਨਹੀਂ, ਦੂਰ ਦੂਰ ਕਿਉਂ ਛੋਹ ?

ਫਿਰ ਕਿਸੇ ਸਾਈਂ ਦੇ ਦਰਸ਼ਨ ਤੇ ਸਵਾਲ-ਜਵਾਬ ਤੇ ਅਖੀਰ,

ਸਾਈਂ ਗਿਆ ਮੈਂ ਕੇਹਾ ਸੁਆਲੀ,
ਸੂਰਜ ਚੜ੍ਹਿਆ, ਅੱਖੀਆਂ ਖਾਲੀ ।

ਫ਼ਿਰ ਇਕ ਹੂਰ ਨਾਲ ਵਾਰਤਾਲਾਪ,

ਅਣਦਿਸ ਥਲ ਵਿਚ ਹੌਂਝਾਂ ਭਰਦੇ
ਕੌਮਾਂ ਦੇ ਸਿਰਨਾਵੇਂ
ਹੂਰ ਦਿਆਂ ਅੰਗਾਂ ਤੇ ਪੈਂਦੇ
ਸਦੀਆਂ ਦੇ ਪ੍ਰਛਾਵੇਂ

ਇੰਞ ਇਹ ਲੰਮੀ ਕਵਿਤਾ ਪੁਰਾਣਿਆਂ ਕਿੱਸਿਆਂ ਤੇ ਪੁਰੌਣਿਕ ਕਹਾਣੀਆਂ, ਤੇ ਜਿੰਨਾ ਭੂਤਾਂ ਪਰੀਆਂ ਤੇ ਦੈਂਤਾਂ ਦੀਆਂ ਕਲਪਿਤ ਕਥਾਵਾਂ ਦੀ ਯਾਦ ਤਾਜ਼ਾ ਕਰਵਾ ਦਿੰਦੀ ਹੈ । ਭਲਾ ਇਹਨਾਂ ਅਧਭੁੱਤ ਕਾਵਿ-ਕਿਰਤਾਂ ਰਾਹੀਂ ਉਹ ਕਿਸ ਸਮਾਜਕ ਮਨੋਰਥ ਅਥਵਾ ਕਲਾ-ਉਦੇਸ਼ ਦੀ ਪੂਰਤੀ ਕਰ ਰਿਹਾ ਹੈ ਇਕ ਅਜੀਬ, ਉਲਝੀ ਤੰਦ-ਤਾਣੀ ਦੀ ਸਿਰਜਣਾ ਤੇ ਫਿਰ ਉਸ ਚੋਂ ਕਿਸੇ ਸਾਹਿਤਕ ਮਨੋਰਥ ਦੀ ਭਾਲ ? ਕਵਿਤਾ ਪਾਠ ਸਮੇਂ ਮੇਰੇ ਦਿਮਾਗ ਵਿਚ ਯੂਸਫ਼ ਜ਼ਖੈਲਾਂ ਤੇ ਸ਼ਾਹ-ਬਹਿਰਾਮ ਦੇ ਕਿੱਸੇ ਘੁੰਮਦੇ ਰਹੇ । ਕਵੀ ਵਰ੍ਹਿਆਂ ਬਾਅਦ ਨਵੀਂ ਭੂਮਿਕਾ ਲਿਖ ਬਦੋ-ਬਦੀ ਇਹਨਾਂ ਨੂੰ ਆਪਣੇ ਹੁਣ ਦੇ ਧਾਰਮਕ ਅਕੀਦਿਆਂ ਤੇ ਮਨੋਰਥਾਂ ਤਹਿਤ ਨਵੇਂ ਅਰਥ ਦੇਣ ਦਾ ਯਤਨ ਕਰਦਾ ਹੈ, ਐਪਰ ਕਵਿਤਾ ਦੇ ਪਾਠ ਸਮੇਂ ਪਾਠਕ ਸੋਚਦਾ ਹੀ ਰਹਿ ਜਾਂਦਾ ਹੈ ਕਿ ਗੱਲ ਕਿੱਧਰ ਨੂੰ ਤੁਰੀ ਜਾਂਦੀ ਹੈ ਤੇ ਇਸ ਕਥਾ-ਵਾਰਤਾ ਦਾ ਆਖਰ ਸਾਹਿਤਕ ਲਖਸ਼ ਕੀ ਹੈ ?

## (VII)

'ਕੁਰਲਾਉਂਦੇ ਕਾਫਲੇ' ਕਵੀ ਨੇ 1984 ਵਿਚ ਮੁਕੰਮਲ ਕੀਤੀ । ਇਸ ਵਿਚ, "ਕੌਮਾਂ ਦੇ ਚੜ੍ਹਨ ਅਤੇ ਡਿੱਗਣ ਦੇ ਮਸਲੇ ਮਨੁੱਖੀ ਮਨ ਦੀ ਸਰੋਦੀ ਕੋਮਲਤਾ ਦੇ ਉਤਾਰ-ਚੜ੍ਹਾਵਾਂ ਵਿਚ ਬੁਣੇ ਗਏ ਹਨ"........."ਕੁਰਲਾਉਂਦੇ ਕਾਫਲੇ ਇਕ ਵਿਸ਼ਾਲ ਘੁੰਮਦਾ ਬਿੰਬ ਹੈ, ਜਿਸ ਦਾ ਵਜੂਦ ਬਹੁਤ ਸਾਰੀਆਂ ਸਵੈ-ਸਿਰਜੀਆਂ ਮਿੱਥਾਂ ਦੀ ਸਾਮੱਗਰੀ ਨਾਲ ਬਣਿਆ ਹੈ । ਇਹ ਮਿੱਥਾਂ ਪੰਜਾਬੀ ਸਭਿਆਚਾਰ ਦੀਆਂ ਜਿਊਂਦੀਆਂ-ਜਾਗਦੀਆਂ ਰੌਣਕਾਂ ਦਾ



ਇਕਾਗਰ ਸਿਮਰਣ ਹਨ ।......ਮੇਰੇ ਅੰਦਰ ਬੇਪੱਤ ਹੋਈਆਂ ਕੌਮਾਂ ਦੇ ਦੱਬੇ ਹੌਕੇ ਹਨ ।"

ਇਸ ਟੂਕ ਵਿਚ 'ਕੌਮਾਂ ਦੇ ਚੜ੍ਹਨ ਡਿੱਗਣ ਦੇ ਮਸਲੇ' ਉਠਾਉਣ ਦਾ ਦਾਅਵਾ ਕੀਤਾ ਗਿਆ ਹੈ ਤੇ ਇਸ ਪ੍ਰਸੰਗ ਵਿਚ ਅਜ਼ਰਾਈਲੀਆਂ ਤੇ ਫਲਸਤੀਨੀਆਂ ਦੀ ਗੱਲ ਕੀਤੀ ਗਈ ਹੈ । ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਫਲਿਸਤੀਨੀ ਕੌਮ ਦਾ ਜ਼ਿਕਰ ਧਰਮ-ਆਧਾਰਤ ਕੌਮ ਦੇ ਅਰਥਾਂ ਵਿਚ ਕਰ ਰਿਹਾ ਹੈ ਜਾਂ, ਭਾਸ਼ਾ, ਸਭਿਆਚਾਰ, ਸਾਂਝੀ ਭੂਗੋਲਿਕ ਸਥਿਤੀ ਤੇ ਇਤਿਹਾਸ ਦੇ ਆਧਾਰ ਤੇ ?

ਕਵੀ ਨੇ ਪੁਸਤਕ ਦੇ ਟਾਈਟਲ ਤੇ ਛੋਟਾ ਸਿਰਲੇਖ ਦਿੱਤਾ ਹੈ । ("1947 ਈ: ਦੇ ਉਦਾਸ ਦਿਨਾਂ ਨੂੰ ਬਿਆਨ ਕਰਦੀ ਕੌਮਾਂ ਦੀ ਤਕਦੀਰ ਉੱਤੇ ਰੌਸ਼ਨੀ ਪਾਉਂਦੀ ਲੰਮੀ ਕਵਿਤਾ") ਸਪਸ਼ਟ ਹੈ ਕਿ ਇਹ ਲੰਮੇਰੀ ਕਵਿਤਾ ਦੇਸ਼ ਦੀ ਵੰਡ ਨਾਲ ਸਬੰਧਤ ਹੈ, ਖਾਸ ਤੌਰ ਤੇ ਪੰਜਾਬ ਦੀ ਵੰਡ ਬਾਰੇ । ਵੰਡ ਵੇਲੇ ਪੰਜਾਬ ਦੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਘਰੋਂ ਬੇਘਰ ਹੋਣਾ ਪਿਆ । ਕੀ ਕੌਮਾਂ ਦੀ ਤਕਦੀਰ ਦੇ ਘੇਰੇ ਵਿਚ ਸਿਰਫ ਸਿੱਖ ਹੀ ਆਉਂਦੇ ਹਨ ਜਾਂ ਹਿੰਦੂ, ਮੁਸਲਮਾਨ ਤੇ ਪੰਜਾਬ ਦੇ ਈਸਾਈ ਵੀ ।

ਆਓ ਹੁਣ ਇਹਨਾਂ ਪ੍ਰਸ਼ਨਾਂ ਦੇ ਉੱਤਰ ਕਵੀ ਦੇ ਭੂਮਿਕਾ ਵਿਚ ਪ੍ਰਗਟ ਕੀਤੇ ਵਿਚਾਰਾਂ 'ਚੋਂ ਲੱਭਣ ਦੀ ਥਾਂ ਉਸ ਦੀ ਰਚਨਾ ਵਿਚੋਂ ਲੱਭੀਏ ।

ਉਧਰ 'ਸਵੈ-ਸਿਰਜੀਆਂ ਮਿੱਥਾਂ' ਦਾ ਜ਼ਿਕਰ ਵੀ ਆਇਆ ਹੈ । ਇਹ ਮਿੱਥਾਂ ਕਵੀ ਨੇ ਸਿੱਖ ਇਤਿਹਾਸ ਬਾਰੇ ਆਪਣੀ ਕਲਪਨਾ ਨਾਲ ਸਿਰਜੀਆਂ ਹਨ । ਸਿੱਖ ਇਤਿਹਾਸ ਵਿਚ ਪਿਛਲਿਆਂ ਪੰਜ ਸਦੀਆਂ ਵਿਚ ਜਾਗੀਰਦਾਰੀ ਦੌਰ ਅੰਦਰ ਹਰ ਇਤਿਹਾਸਕ ਘਟਨਾ ਨੂੰ ਮਿੱਥ ਜਾਂ ਕਰਾਮਾਤ ਬਣਾਉਣ ਦੀ ਲੋਕ-ਰੁਚੀ ਭਾਰੂ ਰਹੀ ਹੈ ਤੇ ਵੀਹਵੀਂ ਸਦੀ ਵਿਚ ਕੀ ਵਾਰਤਕ ਤੇ ਕੀ ਕਵਿਤਾ, ਦੋਹਾਂ ਸਾਹਿਤ ਰੂਪਾਂ ਵਿਚ, ਹਰ ਘਟਨਾ ਨੂੰ ਤਰਕਮਈ ਢੰਗ ਨਾਲ ਮਿੱਥ ਨਾਲੋਂ ਨਿਖੇੜਨ ਦੀ ਲੋੜ ਹੈ ਤਾਂ ਕਿ ਗੈਰ-ਸਿੱਖ ਹਲਕਿਆਂ ਵਿਚ ਵੀ ਇਤਿਹਾਸ ਦੇ ਗੌਰਵਮਈ ਪੱਖਾਂ ਨੂੰ ਦੱਸਿਆ ਤੇ ਪੇਸ਼ ਕੀਤਾ ਜਾਵੇ । ਪਰ ਆਪਣੀ ਸਾਰੀ ਵਿਦਵਤਾ ਤੇ ਅਧਿਐਨ ਦੇ ਬਾਵਜੂਦ ਕਵੀ ਨਵੀਆਂ ਮਿੱਥਾਂ ਸਿਰਜਣ ਦੇ ਰਾਹ ਤੁਰ ਪਿਆ ਹੈ । ਸਿੱਖਾਂ ਦਾ ਮੁੱਖ ਪਾਤਰ ਵੀ ਖ਼ੁਦ ਕਵੀ ਹੈ । ਕੁਝ ਨਮੂਨੇ ਪੇਸ਼ ਕਰਨੇ ਵਾਜਬ ਹੋਣਗੇ ।

ਪਹਿਲੀ ਕਵਿਤਾ ਵਿਚ ਨਨਕਾਣੇ ਦੀਆਂ ਜੂਹਾਂ ਦਾ ਜ਼ਿਕਰ ਹੈ, ਇਕ ਜੋਗਣ ਨਾਲ ਮੁਲਾਕਾਤ;

ਪਲ ਵਿਚ ਮੇਰੀ ਕੂਕ ਦੇ ਦਰ ਤੇ, ਜੋਗਣ ਅਲਖ ਜਗਾਵੇ
ਅਨਹਦ ਕੁੰਟ ਦੇ ਵਿਚੋਂ ਸੋਹਣੀ, ਅੰਗ ਅਨੀਲ ਖਿੜਾਵੇ
ਮੇਰੀ ਨਜ਼ਰੀਂ ਨੂਰ ਵਰ੍ਹਾਏ, ਮੁੱਢ ਕਦੀਮ ਸਹੇਲੀ
ਜਲਾਂ ਥਲਾਂ ਦੀ ਵਾਗ ਸਹੇਲੀ, ਫੜੀ ਨਾਰ ਅਲਬੇਲੀ

ਉਡਾਰੀਆਂ ਲਾਉਂਦੇ ਨੂੰ ਫਿਰ ਤਿੰਨ ਨੂਰ ਪੋਸ਼ (ਚਾਨਣ ਦੀ ਪੋਸ਼ਾਕ ਵਾਲੇ) ਮਿਲਦੇ ਹਨ;

ਬੂਹੇ ਖੋਲ੍ਹਣ ਵਿਛੜੀਆਂ ਬਾਰਾਂ
ਮੈਂ ਤੱਕ ਸਿੰਧ ਪਾਰ ਪਹਾੜਾਂ

ਮਨ ਨਿਰਲੇਪ ਗਗਨ ਦੇ ਵਾਸੀ
ਤਿੰਨ ਨੂਰ-ਪੋਸ਼ ਬਨਵਾਸੀ ।

ਤੇ ਫਿਰ ਅੱਗੇ;

ਨੂਰ-ਪੋਸ਼ ਇਉਂ ਛਿਪ ਗਏ, ਪਤਾ ਨਹੀਂ ਕਿਸ ਪਾਸੇ ?

ਫਿਰ ਹੂਰਾਂ ਪ੍ਰਗਟ ਹੁੰਦੀਆਂ ਹਨ,

ਪਲ ਵਿਚ ਉੱਠ ਗਿਆ ਤ੍ਰਿੰਝਣ
ਖੋਰ ਮੇਰੀਆਂ ਵਾਟਾਂ
ਕਰ ਸਲਾਮ ਉਡ ਗਈਆਂ ਹੂਰਾਂ
ਗੁੰਮ ਗਈਆਂ ਵਿਚ ਰਾਤਾਂ

ਫਿਰ ਸ਼ੇਰ ਪ੍ਰਗਟ ਹੁੰਦਾ ਹੈ,

ਸ਼ੀਨ ਸਰ੍ਹਾਣੇ ਹੂਰ ਖੜੀ ਕੋ, ਮੈਂ ਤੱਕੀ ਪਹਿਚਾਣੀ
ਉਹੀਓ ਹੁਸਨ ਅੰਞਾਣਾ ਖੇਡੇ, ਉਹੀਓ ਵਾਜ ਪੁਰਾਣੀ

ਫਿਰ ਗੁਰੂ ਗੋਬਿੰਦ ਸਿੰਘ ਦਾ ਬਾਜ ਪ੍ਰਗਟ ਹੁੰਦਾ ਹੈ,

ਬਾਜ਼ ਕੌਮ ਦੇ ਦਿਲ ਦਾ ਸੁਪਨਾ, ਅੱਖੀਆਂ ਵਿਚ ਵਜਾਵੇ
ਹਿਰਸ, ਫਰੇਬ, ਹਸਦ ਦੀ ਲੂ ਵਿਚ, ਕੌਮ ਜਦੋਂ ਸੜ ਜਾਵੇ

ਫਿਰ ਮਰਦਾਨਾ ਪ੍ਰਗਟ ਹੁੰਦਾ ਹੈ ਤੇ ਕਵੀ ਨਾਲ ਗੱਲਾਂ ਕਰਦਾ ਬਾਬੇ ਨੂੰ ਯਾਦ ਕਰਦਾ ਹੈ,

ਬਣ-ਬਿਰਛਾਂ ਤੇ ਉੱਤਰੇ, ਬਨਬਾਸਾਂ ਦੇ ਨੈਣ
ਮਰਦਾਨੇ ਦੀ ਗੋਦ ਵਿਚ ਸੁੱਤੇ ਆ ਕੇ ਵੈਣ

ਕਵਿਤਾ ਦੇ ਅਗਲੇਰੇ ਹਿੱਸਿਆਂ ਵਿਚ 'ਦਿਲਬਾਗ' ਨਾਂ ਦਾ ਘੋੜਾ (ਬਿਧੀ ਚੰਦ ਵਾਲਾ) ਪ੍ਰਗਟ ਹੁੰਦਾ ਹੈ;

ਤੱਕੇ ਬਹਿ 'ਦਿਲਬਾਗ' ਦੇ ਉੱਤੇ
ਇਕ ਪਲ ਭੈਣ ਭਰਾ ਮੈਂ ਸੁੱਤੇ
... ... ... ...
ਮੈਂ ਤੇ ਘੋੜ ਹਜ਼ਾਰਾਂ ਕੋਹਾਂ
ਲੰਘੇ ਬਾਗ ਬੇਲੇੜੇ ਰੋਹਾਂ
ਨਾਲ ਨਾਲ ਪੁਸ਼ਤਾਂ ਦੇ ਖਾਬਾਂ
ਕਾਲਾ ਹਰਨ ਫਿਰੇ ਪੰਜਾਬਾਂ (ਪੰਨਾ 671)
... ... ... ...
ਮੈਂ ਦਿਲਬਾਗ ਨਾਲ ਇਕ ਵਾਰੀਂ
ਰਾਤ ਸਾਂ ਕੱਟਦਾ ਸਿਖਰ ਪਹਾੜੀਂ

ਫਿਰ ਇਕ ਸਿੱਖ ਕਲੰਦਰ ਮਿਲਦਾ ਹੈ ।

ਕੁਝ ਜੀਂਦੇ ਕੁਝ ਕਾਫਲੇ ਮੋਏ
ਸਿੱਖ ਕਲੰਦਰ ਵੇਖ ਕੇ ਰੋਏ (ਪੰਨ 702)



ਅਗਲੇ ਚਾਲੀ ਸਫ਼ਿਆਂ ਵਿਚ ਫਿਰ 'ਦਿਲਬਾਗ' ਦੀ ਅਸਵਾਰੀ ਕਰ ਧਰਤੀ ਤੇ ਪਾਤਾਲ ਦੀ ਲੰਮੀ ਉਦਾਸੀ ਤੇ ਤੁਰ ਪੈਂਦਾ ਹੈ ਤੇ ਉਸ ਨੂੰ ਭੂਮਿਕਾ ਵਿਚ ਦੱਸੀਆਂ ਕੌਮਾਂ ਦੇ ਸਭ ਮਸਲੇ ਭੁੱਲ ਜਾਂਦੇ ਹਨ ।

ਨਿਰਸੰਦੇਹ ਕਵੀ ਨੇ ਵੰਨ-ਸਵੰਨੇ ਛੰਦਾਂ ਤੇ ਬਹਿਰਾਂ ਦੀ ਵਰਤੋਂ ਕੀਤੀ ਹੈ । ਕਲਪਣਾ ਦੀਆਂ ਉਡਾਰੀਆਂ ਲਾਈਆਂ ਹਨ, ਕਿਤੇ ਕਿਤੇ ਸੁਹਜਮਈ ਸਤਰਾਂ ਵੀ ਸਿਰਜੀਆਂ ਹਨ, ਸ਼ਬਦਾਵਲੀ ਦੀ ਵਰਤੋਂ ਦੇ ਚਮਤਕਾਰ ਵਿਖਾਏ ਹਨ ਤੇ ਸ਼ਿਲਪ ਦੀ ਪਕਿਆਈ ਦੇ ਪ੍ਰਮਾਣ ਵੀ ਦਿੱਤੇ ਹਨ, ਐਪਰ ਛੋਹੇ ਮਸਲਿਆਂ ਨੂੰ ਕਰਾਮਾਤਾਂ ਬਣਾ ਧਰਿਆ ਹੈ । ਫਿਰ ਵੀ ਸੁੰਦਰ ਬੰਦਾਂ ਤੇ ਟੂਕਾਂ ਦਾ ਸੰਖੇਪ ਵਰਨਣ ਨਾ ਕਰਨਾ ਵੀ ਕਵੀ ਨਾਲ ਜ਼ਿਆਦਤੀ ਹੋਵੇਗੀ ।

ਚੁੱਲ੍ਹਿਆਂ ਕੋਲ ਸੋਹਣੀਆਂ ਨਾਰਾਂ
ਅੱਗ ਉੱਤੇ ਝੁਕੀਆਂ ਗੁਲਜ਼ਾਰਾਂ
... ... ... ... ...
ਡੁਬਦਾ ਸੂਰਜ ਲਿਸ਼ਕਿਆ, ਕਰ ਪੱਤਣਾਂ ਤੇ ਲੋਅ
ਨਾਰਾਂ ਜਲ ਭਰ ਰੁੰਨੀਆਂ, ਰੱਤੇ ਕੱਪੜੇ ਧੋ (634)
... ... ... ... ... ...
ਲਹੂ 'ਚ ਭਿੱਜੀ ਧਰਤ ਸੀ, ਖੜੀ ਦੁਆਵਾਂ ਕੋਲ
ਸੁੱਤੇ ਤ੍ਰੇਲ ਦੀ ਜੀਭ ਤੇ ਮੂਕ ਵਜਦ ਦੇ ਬੋਲ (643)

ਦੇਸ਼ ਦੀ ਵੰਡ ਦਾ ਵਰਨਣ ਕਰਦੀਆਂ ਟੂਕਾਂ;

ਬਲਦੀ ਰਹੇਗੀ ਰੱਤ ਬਹੁਤ ਚਿਰ, ਕੋਈ ਨਾ ਆਸੀ ਨੇੜੇ
ਪਰਲੋ ਤੀਕ ਲੀਕ ਪ੍ਰਦੇਸੀ, ਦਿਸੇਗੀ ਸਾਡੇ ਵਿਹੜੇ (709)

## ( VIII )

'ਸ਼ਹੀਦ ਦੀ ਅਰਦਾਸ' ਇਸ ਵੱਡ-ਆਕਾਰੀ ਕਾਵਿ-ਗ੍ਰੰਥ ਦੀ ਆਖਰੀ ਪੁਸਤਕ ਹੈ ਤੇ ਇਸ ਆਖਰੀ ਪੁਸਤਕ ਦੀ ਅਖੀਰਲੀ ਕਵਿਤਾ ਹੀ ਪੁਸਤਕ ਸਬੰਧੀ ਛਿੜੇ ਰਾਸ਼ਟਰੀ ਪੱਧਰ ਤੇ ਵਾਦ-ਵਿਵਾਦ ਦਾ ਕਾਰਨ ਬਣੀ ਹੈ । ਸਮਰਪਣ ਵਿਚ ਕਵੀ ਲਿਖਦਾ ਹੈ, "ਜਿਹੜੇ ਕੌਮ ਦੀ ਲਹੂ-ਭਿੱਜੀ ਤਕਦੀਰ ਉੱਤੇ ਗ਼ਮਗੀਨ ਹੋਏ,......ਉਹਨਾਂ ਕੌਮ ਦੀ ਪੱਤ ਰੱਖਣ ਵਾਲੇ ਦੋ ਸ਼ਹੀਦਾਂ ਦੇ ਨਾਂ।"

ਜਦ ਕਵੀ ਥਾਂ-ਥਾਂ ਤੇ ਬਾਰ-ਬਾਰ 'ਦੋ ਸ਼ਹੀਦਾਂ' ਦੀ ਗੱਲ ਕਰਦਾ ਹੈ, ਫਿਰ ਇਹਨਾਂ ਦੇ ਨਾਵਾਂ ਉੱਤੇ ਸਿਆਹੀ ਫੇਰਨ ਦਾ ਕੀ ਮਤਲਬ ? ਸੰਖੇਪ ਭੂਮਿਕਾ ਵਿਚ ਲਿਖਿਆ ਹੈ, ਇਹ ਸਭ ਕਵਿਤਾਵਾਂ ਜੂਨ 1984 ਤੋਂ ਪਿਛੋਂ ਲਿਖੀਆਂ ਗਈਆਂ ।......ਇਹਨਾਂ ਨਜ਼ਮਾਂ ਨੂੰ ਲਿਖਣ ਸਮੇਂ ਮੈਂ ਸੱਚ ਦੀ ਅਨੁਭੂਤੀ ਤੋਂ ਇਕ ਪਲ ਲਈ ਵੀ ਵੱਖ ਨਹੀਂ ਹੋਇਆ ।"

ਏਥੇ ਇਕ ਵਾਰ ਫਿਰ ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਬਾਰੇ ਟਿੱਪਣੀ ਹੈ;

"ਜਦੋਂ ਸ਼ਹੀਦ ਨਿੱਜੀ ਲਾਲਸਾਵਾਂ ਦਾ ਬੰਧਨ ਅਪਣਾ ਲਵੇ (ਭਗਤ ਸਿੰਘ) ਤਾਂ ਉਸ ਦੀ ਅਹਿਮੀਅਤ ਆਮ ਨੇਕ ਆਦਮੀ ਨਾਲੋਂ ਕੁਝ ਹੀ ਵੱਧ ਰਹਿ ਜਾਂਦੀ ਹੈ।"

'ਸ਼ਹੀਦ ਦੀ ਅਰਦਾਸ' ਇਸ ਸੰਗ੍ਰਹਿ ਦੀ ਮੁੱਖ ਨਜ਼ਮ ਹੈ, ਜਿਹੜੀ 38 ਸਫਿਆਂ ਵਿਚ ਫੈਲੀ ਹੋਈ ਹੈ।

ਇਸ ਵਿਚ ਬੈਂਤ ਦੀ ਤਰਜ਼ ਤੇ ਲਿਖੀ ਕਵਿਤਾ ਉਸ ਦੀ ਰਾਜਸੀ ਸੋਚਣੀ ਨੂੰ ਪੂਰਨ ਭਾਂਤ ਸਪਸ਼ਟ ਕਰ ਦਿੰਦੀ ਹੈ ਤੇ ਕੋਈ ਚਿੰਨਾਤਮਿਕ ਪਰਦਾ ਨਹੀਂ ਰਹਿਣ ਦਿੰਦੀ। 'ਉਪਰੇਸ਼ਨ ਨੀਲਾ ਤਾਰਾ' ਨਾਲ ਸਿੱਖ-ਮਨਾਂ ਨੂੰ ਵੱਜੀ ਸੱਟ ਤੇ ਹੋਈ ਬੇਪਤੀ ਬਾਰੇ ਕਵੀ ਬੜੇ ਹੀ ਦੁਖਿਤ ਹਿਰਦੇ ਨਾਲ ਇਸ ਵੇਦਨਾ ਦਾ ਪ੍ਰਗਟਾਵਾ ਕਰਦਾ ਹੈ। ਐਪਰ ਨਾਲ-ਨਾਲ ਉਹ ਸਿੱਖ ਸ਼ਾਵਨਵਾਦੀ ਰੁੱਚੀ ਦਾ ਸ਼ਿਕਾਰ ਹੈ, ਇਸ ਦਾ ਕਾਵਿਕ ਰੂਪ ਵਿਚ ਨਹੀਂ, ਸਗੋਂ ਨਿਸੰਗ ਪ੍ਰਗਟਾਵਾ ਕਰਦਾ ਹੈ। ਉਂਝ ਇਹ ਵਰਤਾਰਾ ਕੋਈ ਨਵਾਂ ਨਹੀਂ। ਹਰ ਧਰਮ ਦਾ ਮੰਨਣ ਵਾਲਾ ਆਪਣੇ ਹੀ ਧਰਮ ਨੂੰ ਸਰਬ-ਸ੍ਰੇਸ਼ਟ ਮੰਨਦਾ ਹੈ ਤੇ ਏਸੇ ਮਨੌਤ ਤੋਂ ਹੀ ਧਾਰਮਿਕ ਫਸਾਦਾਂ ਦੀ ਨੀਂਹ ਬੱਝਦੀ ਤੇ ਮਨੁੱਖੀ ਲਹੂ ਡੁੱਲਦਾ ਹੈ। ਕਵੀ ਲਿਖਦਾ ਹੈ;

ਕੌਮਾਂ ਬਹੁਤ ਜਹਾਨ ਦੇ ਵਿਚ ਹੋਈਆਂ
ਪੰਥ ਜੇਡ ਨਾ ਕਿਸੇ ਨੂੰ ਜਾਣਿਆਂ ਮੈਂ
ਤੇਰੇ ਬਾਜ਼ ਨੂੰ ਰਹੇ ਉਡੀਕਦੇ ਸੀ
ਮਿੱਟੀ ਵਿਚ ਗੁਨਾਹਾਂ ਦੇ ਬੋਲ ਮੇਰੇ

ਅਪਮਾਨਤ ਹੋਣ ਦੀ ਪੀੜ ਦਾ ਬਿਆਨ ਕਰਦਾ ਉਹ ਲਿਖਦਾ ਹੈ;

ਕਿਸੇ ਲੱਥੜੀ ਪੱਗ ਤੇ ਪੱਤ ਵਾਲੇ
ਸਾਂਭ ਜਿਗਰ ਤੇ ਰੱਖੇ ਦੀਵਾਨਿਆਂ ਨੇ

ਚੁੰਭਿਆ ਰਹੇਗਾ ਜਿੰਦ ਵਿਚ ਕੋਟ ਬਰਸਾਂ
ਤਾਹਨਾ ਮਾਰਿਆ ਜਿਹੜਾ ਬੇਗਾਨਿਆਂ ਨੇ
ਅੱਜ ਰਾਤ ਬੇਦਾਵੇ ਦੇ ਸਫ਼ਰ ਮੁੱਕੇ
ਅੰਬਰ ਲੱਭ ਲਏ ਨਵੇਂ ਨਿਸ਼ਾਨਿਆਂ ਨੇ (ਪੰਨਾ 732)

ਕਵੀ ਇਕ ਪਾਸੇ ਮਾਰੇ ਤਾਹਨਿਆਂ ਦੀ ਰੜਕਦੀ ਪੀੜ ਦੀ ਗੱਲ ਕਰਦਾ ਹੈ ਦੂਸਰੇ ਬੰਦ ਵਿਚ ਸਿੱਖੀ ਦੀਆਂ ਸ਼ਾਨਦਾਰ ਮਾਨਵੀ ਰਵਾਇਤਾਂ ਦੀ ਗੱਲ ਵੀ ਕਰਦਾ ਹੈ, (ਭਾਈ ਘਨੱਈਏ ਬਾਰੇ)

ਤਪੇ ਰਣਾਂ ਵਿਚ ਸਿਖਰ ਦੁਪਹਿਰ ਵੇਲੇ
ਪਾਣੀ ਦੇਣ ਹਰ ਘਾਇਲ ਨੂੰ ਚੱਲਿਆ ਮੈਂ
ਰਾਤ ਦਿਹੁੰ ਦੇ ਅਦਲ ਦੀ ਅਜਬ ਲੀਲਾ
ਵੈਰੀ, ਮੀਤ ਦੇ ਨਾਲ ਹੱਸ ਖੇਲਿਆ ਮੈਂ



ਰਾਹ ਨਾ ਭੁੱਲਿਆ ਮਿੱਠੜੇ ਘਰਾਂ ਸੰਦਾ
ਨਦੀ, ਸਾਗਰ, ਪਹਾੜ ਨੂੰ ਝੱਲਿਆ ਮੈਂ (ਪੰਨਾ 733)

ਕਲਪਣਾ ਹੀ ਕਲਪਣਾ ਵਿਚ ਉਸ ਨੂੰ ਚਿੱਟੇ ਘੋੜੇ ਵਾਲਾ ਬਿਰਧ ਸ਼ਹੀਦ (ਸ਼ਾਮ ਸਿੰਘ ਅਟਾਰੀ ਵਾਲਾ) ਨਜ਼ਰੀਂ ਪੈਂਦਾ ਹੈ ;

ਚਿੱਟੇ ਘੋੜੇ ਵਾਲੜਾ, ਠਿੱਲ ਪਿਆ ਦਰਿਆ

ਫਿਰ ਕੋਈ ਹੂਰ 'ਲਿਵਲੀਨ' ਪ੍ਰਗਟ ਹੁੰਦੀ ਹੈ,

ਮੈਂ ਲਿਵਲੀਨ ਦਾ ਦਾਮਨ ਫੜਿਆ
ਚਾ ਬਾਲ ਫਰਿਆਦਾਂ

ਫਿਰ ਗੁਰੂ ਗੋਬਿੰਦ ਦਾ ਬਾਜ਼ ਪ੍ਰਗਟ ਹੁੰਦਾ ਹੈ

ਜ਼ਖਮੀਂ ਬਾਜ਼ ਦੀ ਛਾਂ ਵਿਚ ਤੁਰਦਿਆਂ
ਬੇਪੱਤ ਹੋਣ ਦੀ ਚੀਸ ਜਿਹੀ ਪੈਂਦੀ

ਫਿਰ ਕਵੀ ਨੂੰ ਰਿਧੀਆਂ-ਸਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ

ਮੈਂ ਫਰਿਆਦ ਕਰੀਂ ਤਾਂ ਉੱਠੇ
ਤੁੰਦ ਵਿਕਰਾਲ ਕਟਿਹਰੇ
ਰਿੱਧਾਂ ਸਿੱਧਾਂ ਵੀ ਮੁੜ ਆਈਆਂ
ਰਾਤ ਦੇ ਤੀਜੇ ਪਹਿਰੇ। (775)

'ਇੰਦਰਾ ਗਾਂਧੀ' ਦਾ ਜ਼ਿਕਰ ਆਖਰੀ ਕਵਿਤਾ ਵਿਚ ਹੀ ਨਹੀਂ, ਇਸ ਤੋਂ ਪਹਿਲਾਂ ਵੀ 'ਸ਼ਹੀਦ ਦੀ ਅਰਦਾਸ' ਕਵਿਤਾ ਵਿਚ ਕਈ ਥਾਂ ਤੇ ਆਇਆ ਹੈ। ਇਹ ਕੈਸੀ ਅਰਦਾਸ ਹੈ ਕਿ ਇੰਦਰਾ ਨੂੰ ਗਾਲ੍ਹਾਂ ਦੀ ਬੋਲੀ ਵਿਚ ਯਾਦ ਕੀਤਾ ਗਿਆ ਹੈ,

ਰੰਨ ਕੁਲੱਛਣੀ ਦੀ ਭੱਠੀ ਤੇ
ਬਲੀ ਲਾਉਣ ਦਾ ਝੋਕਾ (ਪੰਨਾ 761)

ਜਾਂ ਫਿਰ

ਰੰਨ ਛੰਨਾਰ ਦੀ ਭੱਠੀ ਲਾਉਂਦੇ
ਸੁਲੇਮਾਨ ਜਦ ਝੋਕਾ

ਹੋਰ ਅੱਗੇ

ਬੁੱਤ-ਪੂਜਣ ਡੈਣ ਵਿਚ ਰਾਤਾਂ
ਵਾਂਗ ਸਰਾਲਾਂ ਫਿਰਦੀ (763)
... ... ... ...
ਨਾਰ ਕੁਲੱਛਣੀ ਤੋੜਨਾ ਚਾਹੇ
ਅਣਖ ਮੇਰੀ ਜਿਉਂ ਵੰਗਾਂ (ਪੰਨਾ 764)

ਪਰ 'ਝਨਾਂ ਦੀ ਰਾਤ' ਕਵਿਤਾ ਦੀ ਅਖੀਰਲੀ ਕਵਿਤਾ ਵਿਚ ਕਵੀ ਦਾ ਇਹ ਕਰੋਧ ਵਿਸਫੋਟਕ ਹੋ ਜਾਂਦਾ ਹੈ, ਤੇ ਕਾਵਿ-ਧਰਮ ਤੇ ਸੁਹਜ ਦੀ ਭਾਸ਼ਾ ਉਲੰਘਣ ਕਰਦਾ ਹੈ।

ਜਿਵੇਂ ਉਹ ਅਖੀਰ ਵਿਚ ਆਪਣੀ ਹੀ ਰਚਨਾ ਤੇ ਕਾਂਟਾ ਫੇਰ ਰਿਹਾ ਹੋਵੇ, ਅਰਦਾਸ ਦੀ ਨਿਰ-ਮਾਣਤਾ, ਆਜਜ਼ੀ ਤੇ ਹਲੀਮੀ ਦੀ ਥਾਂ, ਗੁਸੈਲ, ਭਾਸ਼ਾ ਤੇ ਗਾਲ੍ਹਾਂ ਦੀ ਵਰਖਾ, ਪ੍ਰੋ: ਮਹਿਬੂਬ ਵਰਗੇ 'ਦਰਵੇਸ਼' ਸ਼ਾਇਰ ਦੇ ਮਾਣ ਵਿਚ ਵਾਧਾ ਨਹੀਂ ਕਰਦੀ।

ਮੇਰੇ ਸ਼ਹੀਦ ਮਾਹੀ ਦੇ ਦਿਨ ਨੂੰ
ਸੁਣੀਂ ਕੁਪੱਤੀਏ ਨਾਰੇ
... ... ... ...
ਨੀਂਦ 'ਚ ਨੀਂਦ ਜਹੇ ਬੱਚੜੇ ਖਾਵੇਂ
ਸੁਣ ਬੇਫਿਕਰ ਚੁੜੇਲੇ
... ... ... ...
ਲੂਣ-ਹਰਾਮ ਦੀ ਨਜ਼ਰ ਪੈਂਦਿਆਂ
ਗਏ ਪਲਾਂ ਵਿਚ ਲੂਹੇ
... ... ... ...
ਬੁੱਤ-ਪੂਜਾਂ ਦੇ ਸੀਨੇ ਦੇ ਵਿਚ
ਫੱਫੇ-ਕੁੱਟਣੀ ਸੁੱਤੀ (ਪੰਨਾ 827-28)

ਪਹਿਲੇ ਕਾਵਿ-ਸੰਗ੍ਰਹਿਆਂ ਵਾਂਗ ਆਖਰੀ ਸੰਗ੍ਰਹਿ ਵਿਚ ਵੀ ਇਕ ਗੀਤ ਤੇ ਇਕ ਗ਼ਜ਼ਲ ਸ਼ਾਮਿਲ ਹਨ ਭਾਵੇਂ ਕਵੀ ਨੇ ਗ਼ਜ਼ਲ ਸਿਰਲੇਖ ਨਹੀਂ ਦਿੱਤਾ। ਉਸ ਦੀਆਂ ਕਈ ਤੁਕਾਂ ਵਿਚ ਗੀਤ ਦੇ ਮੌਲਿਕ ਗੁਣ ਹਨ, ਪਰ ਕਵੀ ਵਜ਼ਨ ਤੇ ਤੋਲ ਪੱਖੋਂ ਕੁਝ ਲਾਪ੍ਰਵਾਹ ਨਜ਼ਰੀਂ ਪੈਂਦਾ ਹੈ। ਵਿਚਾਰਾਂ ਦਾ ਬੇਲੋੜਾ ਭਾਰ ਲੱਦ ਦਿੰਦਾ ਹੈ ਤੇ ਸ਼ਿਅਰਾਂ ਦੀ ਗਿਣਤੀ ਦਾ ਖਿਆਲ ਨਹੀਂ ਰੱਖਦਾ।

ਕੂੰਜਾਂ ਨੂੰ ਦੇਸ ਹੋਏ ਸੱਭੇ ਹੀ ਬਿਗਾਨੜੇ
ਖੰਭੜੀ ਦੇ ਵਾਂਗ ਰੁਲਦੇ ਸਮਿਆਂ ਦੇ ਤੱਥ ਵੇ (ਗੀਤ 766)

ਜਾਂ ਮੁੜ ਛੇੜੋ ਓਸ ਫਕੀਰ ਦੀ ਗੱਲ
ਤੁਰ ਗਏ ਝਨਾਂ ਦੇ ਵੀਰ ਦੀ ਗੱਲ (ਗ਼ਜ਼ਲ ਪੰਨਾ 768)

## ( IX ) (ਨਿਸ਼ਕਰਸ਼)

ਡੂੰਘੇ ਵਾਦ-ਵਿਵਾਦ ਦਾ ਵਿਸ਼ਾ ਬਣੀ ਪੁਸਤਕ 'ਝਨਾਂ ਦੀ ਰਾਤ' ਦੀ ਆਖਰੀ ਇਕੋ ਕਵਿਤਾ ਹੀ ਅਸਲ ਰੌਲੇ-ਗੌਲੇ ਦਾ ਕਾਰਨ ਬਣੀ ਹੈ। ਇਹ ਕਵਿਤਾ ਸਿੱਧੀ ਸਪਾਟ ਸੁਹਜ-ਵਿਹੂਣੀ ਤੇ ਬਿੰਬ ਦੀ ਥਾਂ, ਤਰਕਮਈ ਬਿਆਨ ਜਹੀ ਸ਼ਕਲ ਧਾਰਨ ਕਰ ਗਈ ਹੈ। ਜਾਂ ਮਹਿਮਾਂ ਜਾਂ ਨਿੰਦਿਆ ਦਾ ਕਾਰਨ ਬਣੀ ਇਸ ਪੁਸਤਕਨੂੰ ਸਾਰੇ ਮਾਣ-ਸਨਮਾਨ ਬਿਨਾਂ ਪੜ੍ਹਿਆਂ ਹੀ ਮਿਲੇ ਹਨ। ਅੰਮ੍ਰਿਤਾ ਪ੍ਰੀਤਮ ਦਾ ਬਿਆਨ ਅਸੀਂ ਪਹਿਲਾਂ ਵੱਖਰੇ ਲੇਖ ਵਿਚ ਦਰਜ ਕਰ ਚੁੱਕੇ ਹਾਂ। ਸ਼੍ਰੋਮਣੀ ਕਮੇਟੀ ਦੇ ਜਥੇਦਾਰਾਂ ਨੇ ਵੀ ਬਿਨਾਂ ਪੜ੍ਹਿਆਂ ਹੀ ਸਨਮਾਨ ਕੀਤਾ ਹੈ। ਜੇ ਜਥੇਦਾਰ ਪੁਸਤਕਾਂ ਪੜ੍ਹਦੇ ਹੁੰਦੇ, ਤਾਂ ਇਹ ਪੁਰਸਕਾਰ ਕਵਿਤਾ ਦੀ ਥਾਂ, ਬਹੁਤ ਸਾਲ ਪਹਿਲਾਂ ਪ੍ਰੋ: ਮਹਿਬੂਬ ਦੀ ਵਾਰਤਕ ਲਿਖਤ "ਸਹਿਜੇ ਰਚਿਓ ਖਾਲਸਾ" ਉਤੇ ਦੇਣਾ ਚਾਹੀਦਾ ਸੀ।



ਪ੍ਰੋ: ਮਹਿਬੂਬ ਨੂੰ ਫ਼ਿਲਾਸਫਰ ਕਵੀ ਆਖਿਆ ਗਿਆ ਹੈ। ਨਿਰਸੰਦੇਹ ਉਹ ਸਿੱਖ ਧਰਮ ਦਾ ਫਲਾਸਫਰ ਕਵੀ ਹੈ। ਪਰ ਮਾਰ ਵੀ ਉਹ ਦਰਸ਼ਨ ਦੇ ਖੇਤਰ ਵਿਚ ਹੀ ਖਾਂਦਾ ਹੈ। ਉਸ ਦੀ ਕਵਿਤਾ ਕੁਝ ਹੋਰ ਆਖਦੀ ਹੈ ਤੇ ਉਸ ਦਾ ਧਾਰਮਕ ਦਰਸ਼ਨ ਉਸ ਦੇ ਹੋਰ ਹੀ ਅਰਥ ਕਰਦਾ ਹੈ। ਉਸ ਦੀ ਕਵਿਤਾ ਭਗਤ ਸਿੰਘ ਦੀ ਸ਼ਹੀਦੀ ਨੂੰ ਵਡਿਆਉਂਦੀ ਹੈ, ਪਰ ਉਸ ਦਾ ਦਰਸ਼ਨ ਉਸ ਦੀ ਸ਼ਹੀਦੀ ਨੂੰ 'ਦੁਨਿਆਵੀ ਸ਼ੁਹਰਤ' ਦੱਸਦਾ ਹੈ। ਉਹ ਧਰਮ ਨੂੰ ਮਾਰਕਸਵਾਦੀ ਸੰਸਾਰ ਦ੍ਰਿਸ਼ਟੀਕੋਣ ਤੋਂ ਬਿਹਤਰ ਦੱਸਦਾ ਹੈ। ਪਰ ਕੀ ਕੋਈ ਵੀ ਧਰਮ ਅੱਜ ਦੇ ਗੁੰਝਲਦਾਰ ਸੰਸਾਰ ਦੇ ਗੰਭੀਰ ਰਾਜਸੀ, ਸਮਾਜਕ ਵਿਚਾਰਧਾਰਾ ਤੇ ਆਰਥਕ ਪ੍ਰਸ਼ਨਾਂ ਨੂੰ ਤਰਕ ਦੇ ਆਧਾਰ ਤੇ ਨਜਿੱਠਣ ਦੇ ਸਮਰੱਥ ਹੈ। ਪ੍ਰੋ: ਮਹਿਬੂਬ ਧਰਮ ਨੂੰ ਹੋਰ ਸਭ ਦਰਸ਼ਨ-ਸ਼ਾਸਤਰਾਂ ਤੋਂ ਵੱਧ ਸਮਰੱਥ ਤੇ ਸਿੱਖ ਧਰਮ ਨੂੰ ਦੁਨੀਆਂ ਦਾ ਸਰਬ-ਸਰੇਸ਼ਟ ਧਰਮ ਦਾ ਦਰਜਾ ਦਿੰਦਾ ਹੈ। ਇਥੋਂ ਹੀ ਆਪਣੇ ਧਰਮ ਪ੍ਰਤੀ ਛਾਵਨਵਾਦੀ ਸ਼ਰਧਾ ਜਨਮ ਲੈਂਦੀ ਤੇ ਦੂਸਰੇ, ਧਰਮਾਂ ਤੇ ਦਰਸ਼ਨ-ਸ਼ਾਸਤਰਾਂ ਨਾਲ ਟਕਰਾ ਕੇ ਫਿਰਕੂ ਯੁੱਧਾਂ ਤੇ ਜਹਾਦਾਂ ਨੂੰ ਜਨਮ ਦਿੰਦੀ ਹੈ। ਧਾਰਮਕ ਸ਼ਰਧਾ ਹੀ ਉਸ ਦੀ ਕਵਿਤਾ ਦੀ ਬੁਨਿਆਦਿ ਹੈ ਤੇ ਉਸਦੀ ਸੀਮਾਂ ਤੇ ਸਮਰੱਥਾ ਵੀ।

ਕਵਿਤਾ ਦੇ ਉਸ ਨੂੰ ਹੌਲ (ਦੌਰੇ) ਪੈਂਦੇ ਹਨ ਤੇ ਫਿਰ ਉਸ ਦੇ ਜਜ਼ਬਾਤਾਂ ਦੇ ਹੜ੍ਹ ਰੋਕੇ ਜਾ ਸਕਦੇ। ਬਹੁਤ ਵਾਰ ਇਹ ਬੇਕਾਬੂ ਹੋ ਜਾਂਦੇ ਹਨ ਤੇ ਉਸ ਦੀ ਦਾਰਸ਼ਨਿਕ ਦ੍ਰਿਸ਼ਟੀ ਦੇ ਨਿਯੰਤਰਣ ਹੇਠ ਨਹੀਂ ਰਹਿੰਦੇ।

ਉਹ ਸਾਂਝੇ ਪੰਜਾਬ, ਇਸ ਦੇ ਗੁਰੂਆਂ, ਸੂਫ਼ੀ ਕਵੀਆਂ, ਸੂਰਬੀਰਾਂ ਧਰਤ-ਦਿਸ਼ਾਂ, ਪਹਿਲਵਾਨਾਂ, ਦਰਿਆਵਾਂ, ਵਣਾਂ, ਥਲਾਂ ਦਾ ਜ਼ਿਕਰ ਡਾਢੇ ਮਾਣ ਨਾਲ ਕਰਦਾ ਹੈ, ਪਰ ਬਾਵਜੂਦ ਇਹਨਾਂ ਚੰਗੇ ਪੱਖਾਂ ਦੇ, ਉਸ ਦਾ ਧਾਰਮਕ ਦ੍ਰਿਸ਼ਟੀਕੋਣ ਇਹਨਾਂ ਪ੍ਰਾਪਤੀਆਂ ਨੂੰ ਸਿੱਖਾਂ ਦੇ ਸੌੜੇ ਨਜ਼ਰੀਏ ਤੋਂ ਵੇਖਦਾ ਤੇ ਚਿਤਰਦਾ ਹੈ ਤੇ ਇੰਝ ਪੰਜਾਬੀਆਂ ਦੇ ਸਾਂਝੇ ਵਿਰਸੇ ਨੂੰ ਕੌਮੀ ਦ੍ਰਿਸ਼ਟੀਕੋਣ ਤੋਂ ਨਹੀਂ ਸਗੋਂ ਸੰਪਰਦਾਇਕ ਨਜ਼ਰ ਨਾਲ ਵੇਖਦਾ ਹੈ।

ਪ੍ਰੋ: ਮਹਿਬੂਬ ਦੀ ਸ਼ਾਇਰੀ ਵਿਚ ਵੰਨ-ਸਵੰਨੇ ਛੰਦਾਂ ਤੇ ਕਾਵਿ-ਰੂਪਾਂ ਦੀ ਵਰਤੋਂ ਕੀਤੀ ਗਈ ਹੈ। ਕਾਫ਼ੀ, ਸਲੋਕ, ਕੋਰੜਾ, ਰੁਬਾਈ, ਗ਼ਜ਼ਲ, ਮਾਹੀਏ, ਦੋ ਟੱਪੇ, ਗੀਤ, ਵਾਰ, ਪਾਉੜੀ ਤੇ ਆਜ਼ਾਦ ਨਜ਼ਮ। ਉਸ ਦਾ ਵਜ਼ਨ ਤੇ ਤੋਲ ਉੱਤੇ ਬੜਾ ਕਾਬੂ ਹੈ, ਪਰ ਉਸ ਵਿਚ ਉਸਤਾਦ ਸ਼ਾਇਰਾਂ ਵਾਲੀ ਪਕਿਆਈ ਨਹੀਂ। ਉਹ ਆਪਣੀ ਲੋੜ ਅਨੁਸਾਰ ਸ਼ਬਦ ਨੂੰ ਵਿਗਾੜ ਜਾਂ ਭੰਨ ਤੋੜ ਵੀ ਲੈਂਦਾ ਹੈ ਤੇ ਤੋਲ, ਤੁਕਾਂਤ ਦੀ ਅਕਸਰ ਉਲੰਘਣਾ ਵੀ ਕਰਦਾ ਹੈ, ਪਰ ਉਸ ਦੀ ਸ਼ਬਦਾਵਲੀ ਦੀ ਵਿਸ਼ਾਲਤਾ ਹੈਰਾਨ ਕਰਨ ਵਾਲੀ ਹੈ। ਪਹਿਲੀ ਵਾਰ ਉਸ ਨੇ ਇਸਲਾਮੀ ਇਤਿਹਾਸ ਤੇ ਮੁਸਲਿਮ ਸਭਿਆਚਾਰਕ ਵਿਰਸੇ ਚੋਂ ਕਈ ਪ੍ਰਤੀਕ, ਅਲੰਕਾਰ ਤੇ ਹਵਾਲੇ ਪੰਜਾਬੀ ਕਵਿਤਾ ਵਿਚ ਲਿਆਂਦੇ ਹਨ।

ਸੰਸਾਰ ਦੇ ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲੇ ਜਨਵਾਦੀ ਕਵੀਆਂ ਬਾਰੇ ਉਸ ਦੇ ਨਿਰਣੇ ਤੇ ਟਿੱਪਣੀਆਂ ਅੰਤਰਮੁੱਖੀ ਤੇ ਉਲਾਰ ਹਨ। ਮਾਰਕਸਵਾਦੀ ਦਰਸ਼ਨ ਬਾਰੇ ਸਮਝ ਅਧੂਰੀ ਤੇ ਵਿਰੋਧਤਾ ਵਾਲੀ ਹੋਣ ਦੇ ਨਾਲ ਨਾਲ ਪੇਤਲੀ ਵੀ ਹੈ। ਮਾਰਕਸਵਾਦ ਵਿਰੁੱਧ ਉਸ ਦਾ ਜਹਾਦ ਧਰਮ ਨੂੰ ਟਾਕਰੇ ਤੇ ਰੱਖਕੇ ਨਹੀਂ ਲੜਿਆ ਜਾ ਸਕਦਾ। ਏਸੇ ਕਾਰਨ ਉਸ ਦੀਆਂ

ਧਾਰਨਾਵਾਂ ਬਚਗਾਨਾਂ ਤੇ ਹਾਸੋਹੀਣੀਆਂ ਲਗਦੀਆਂ ਹਨ। ਸ਼ਰੇਣੀ ਸੰਘਰਸ਼ ਦੀ ਸੰਸਾਰ-ਵਿਆਪਕਤਾ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ ਜੇ ਉਹ ਧਾਰਮਕ ਜਨੂੰਨੀ, ਕੱਟੜ ਸਮਾਜਵਾਦ ਵਿਰੋਧੀ ਜਾਂ ਕਰਾਏ ਤੇ ਲਿਆਂਦਾ ਢੰਡੋਰਚੀ ਨਾ ਹੋਵੇ।

ਇਹ ਵੀ ਅਜੀਬ ਵਿਡੰਬਨਾ ਹੈ ਕਿ ਉਹ ਜਦੋਂ ਵੀ ਆਪਣੇ ਆਲੇ ਦੁਆਲੇ ਦੀ ਸਮਾਜਕ ਸਥਿਤੀ ਜਾਂ ਸਭਿਆਚਾਰਕ ਵਿਰਸੇ ਦੀ ਗੱਲ ਕਰਨ ਲੱਗਦਾ ਹੈ ਤਾਂ ਬਹੁਤ ਹਲਕੀ ਕਿਸਮ ਦੀ ਤੁਕਬੰਦੀ ਕਰਨ ਲੱਗਦਾ ਹੈ, ਪਰ ਜਦੋਂ ਕਾਲਪਨਿਕ ਉਡਾਰੀ ਮਾਰ, ਆਕਾਸ਼ਾਂ ਵਿਚ ਉੱਡਣ ਲੱਗਦਾ ਹੈ ਤਾਂ ਬਿਹਤਰ ਸਿਰਜਣਾ ਕਰਦਾ ਹੈ।

ਪੰਜਾਬ ਸੰਕਟ ਦੇ ਬਹੁ-ਪੱਖੀ ਪਾਸਾਰਾਂ ਚੋਂ ਉਹ ਸਿਰਫ ਉਪਰੇਸ਼ਨ ਨੀਲਾ ਤਾਰਾ ਕਾਰਨ ਹੋਈ ਹਰਿਮੰਦਰ ਸਾਹਿਬ ਦੀ ਬੇਪਤੀ ਤੇ ਸਿੱਖ-ਫਿਰਕੇ ਦੀ ਮਾਨਸਿਕ ਵੇਦਨਾ ਦਾ ਜ਼ਿਕਰ ਕਰਦਾ ਹੈ। ਪੰਜਾਬ ਸੰਕਟ ਦੇ ਦੂਜੇ ਪੱਖਾਂ ਨੂੰ ਨਾ ਛੋਹ ਕੇ ਉਸ ਦੀ ਰਚਨਾ ਇਕ-ਪਾਸੜ ਤੇ ਸਮਾਜਕ ਯਥਾਰਥ ਦੇ ਇਕੋ ਪੱਖ ਨੂੰ ਛੋਹਣ ਤੀਕਰ ਸੀਮਤ ਹੋ ਜਾਂਦੀ ਹੈ।

ਸ਼ਾਇਰਾਂ, ਸਿਆਸੀ ਵਿਰੋਧੀਆਂ, ਵੱਖਰੀ ਰਾਏ ਰੱਖਣ ਵਾਲੇ ਵਿਚਾਰਕਾਂ, ਪੱਤਰਕਾਰਾਂ ਦੇ ਕਤਲ, ਹਜ਼ਾਰਾਂ ਬੇਗੁਨਾਹਾਂ, ਨਿਰਦੋਸ਼ ਸ਼ਹਿਰੀਆਂ, ਬੱਚਿਆਂ ਤੇ ਇਸਤਰੀਆਂ ਦੇ ਕਤਲ, ਸਮੁੱਚੇ ਪ੍ਰੀਵਾਰਾਂ ਦਾ ਖਾਤਮਾ, ਪੋਲੀਸ ਜਬਰ, ਘਰਾਂ ਦੀ ਸਾੜ ਫੂਕ, ਜਬਰੀ ਉਗਰਾਹੀਆਂ, ਫਿਰੌਤੀਆਂ, ਜਬਰ ਜਿਨਾਹ ਦੀਆ ਘਟਨਾਵਾਂ, ਦਹਿਸ਼ਤ ਤੇ ਖ਼ੌਫ' ਦੇ ਮਾਹੌਲ, ਫਿਰਕੂ ਪਾੜੇ ਤੇ ਭਾਈਚਾਰਕ ਸਾਂਝ ਵਿਚਲੀਆਂ ਤਰੇੜਾਂ ਬਾਰੇ ਕਵੀ ਇਕ ਵੀ ਸ਼ਬਦ ਨਹੀਂ ਲਿਖਦਾ। ਉਹ ਪੁਰਾਣੇ ਪੰਜਾਬ ਨੂੰ ਵਾਜਾਂ ਮਾਰਦਾ ਤੇ ਯਾਦ ਕਰਦਾ ਹੈ, ਪਰ ਹੁਣ ਦੇ ਪੰਜਾਬ ਦੀ ਵੇਦਨਾ ਦੀ ਗੱਲ ਨਹੀਂ ਕਰਦਾ ਤੇ ਇੰਝ "ਮੈਂ ਸੱਚ ਦੀ ਅਨਭੂਤੀ ਤੋਂ ਇਕ ਪਲ ਵੀ ਵੱਖ ਨਹੀਂ ਹੋਇਆ" ਲਿਖਣ ਦੇ ਬਾਵਜੂਦ ਉਪਰਲੀਆਂ ਤਲਖ਼ ਹਕੀਕਤਾਂ ਨੂੰ ਛੋਂਹਦਾ ਤੱਕ ਨਹੀਂ।

ਪ੍ਰੋ: ਮਹਿਬੂਬ ਦੇ ਪ੍ਰਸੰਸਕਾਂ ਵਲੋਂ ਅਕਸਰ ਹੀ ਉਹਨਾਂ ਦੇ ਦਰਵੇਸ਼, ਸਾਧੂ ਸੁਭਾ ਦਾ ਜ਼ਿਕਰ ਕੀਤਾ ਹੈ, ਉਹਨਾਂ ਵੀ ਖ਼ੁਦ ਆਖਰੀ ਕਵਿਤਾ ਦੇ ਫੁਟਨੋਟਾਂ ਉੱਤੇ ਸਿਆਹੀ ਫੇਰਨ ਦਾ ਕਾਰਨ ਕਿਸੇ ਦਾ 'ਦਿਲ ਨਾ ਦੁਖਾਉਣਾ' ਦੱਸਿਆ ਹੈ। ਪਰ ਇਤਰਾਜਯੋਗ ਸ਼ਬਦ ਇਕ ਦੋ ਥਾਵਾਂ ਤੇ ਹੀ ਨਹੀਂ ਸਗੋਂ ਛੇ ਸੱਤ ਥਾਵਾਂ ਤੇ ਹਨ। ਕੀ ਇਹ ਸਾਰੇ ਸ਼ਬਦ ਹਾ ਸ੍ਰੀਮਤੀ ਅੰਮ੍ਰਿਤਾ ਪ੍ਰੀਤਮ ਦੀ ਨਜ਼ਰੀਂ ਨਹੀਂ ਪਏ, 'ਕੁਪੱਤੀ ਨਾਰ', 'ਕੁਲੱਛਣੀ ਰੰਨ', 'ਛੰਨਾਰ ਰੰਨ', 'ਡੈਣ', 'ਸਗਲ', 'ਲੂਣ-ਹਰਾਮ', 'ਫੱਫੇ ਕੁੱਟਣੀ' ਆਦਿ ਸ਼ਬਦ ਕਿਸੇ ਦਰਵੇਸ਼ ਦੇ ਨਹੀਂ ਹੋ ਸਕਦੇ।

ਫੇਰ ਵੀ ਕੁਝ ਇਕ ਕਵਿਤਾਵਾਂ ਵਿਚ ਇਹਨਾਂ ਤ੍ਰਿਸਕਾਰ ਭਰੇ, ਗਾਲੀ ਗਲੋਚ ਵਾਲੇ ਅਸਭਿਆ ਸ਼ਬਦਾਂ ਦੇ ਬਾਵਜੂਦ ਉਸ ਦੀ ਕਵਿਤਾ ਦੇ ਚੰਗੇਰੇ ਹਿੱਸਿਆਂ ਨੂੰ ਨਜ਼ਰ-ਅੰਦਾਜ਼ ਕਰਨਾ ਠੀਕ ਨਹੀਂ ਹੋਵੇਗਾ। ਪੰਜਾਬ ਦੇ ਗੌਰਵ-ਮਈ ਵਿਰਸੇ ਤੇ ਸਾਂਝੇ ਸਭਿਆਚਾਰ, ਏਥੋਂ ਦੇ ਖੂਬਸੂਰਤ ਭੋਂ-ਦ੍ਰਿਸ਼ਾਂ ਬਾਰੇ ਲਿਖੀਆਂ ਉਸ ਦੀਆਂ ਮੋਹ-ਭਰੀਆਂ, ਹੇਰਵੇ-ਲੱਦੀਆਂ ਕਵਿਤਾਵਾਂ ਉਸ ਦੀ ਸ਼ਾਇਰੀ ਦਾ ਨਰੋਇਆ ਪੱਖ ਹੈ, ਜਿਹੜਾ ਅੱਖੋਂ ਉਹਲੇ ਨਹੀਂ ਹੋ ਸਕਦਾ।

ਪ੍ਰਸਿੱਧ ਰੂਸੀ ਜਨਵਾਦੀ/ਕਰਾਂਤੀਕਾਰੀ ਸਾਹਿਤ-ਆਲੋਚਕ ਬਲਿੰਸਕੀ ਦੀ ਮਹਾਨ ਕਵਿਤਾ ਬਾਰੇ ਦਿੱਤੀ ਟੂਕ ਨੂੰ ਪੇਸ਼ ਕਰਦਾ ਹੋਇਆ ਮੈਂ ਪ੍ਰੋ: ਮਹਿਬੂਬ ਦੇ ਕਾਵਿ-ਸਥਾਨ ਦੇ ਪ੍ਰਸ਼ਨ ਦਾ ਮਸਲਾ ਪਾਠਕਾਂ ਉੱਤੇ ਹੀ ਛੱਡਦਾ, ਇਸ ਵਿਚਾਰ-ਵਟਾਂਦਰੇ ਨੂੰ ਸਮਾਪਤ ਕਰਦਾ ਹਾਂ;



"ਅੱਜ ਦੇ ਸਮੇਂ ਵਿਚ, ਕਵਿਤਾ ਦੇ ਖੇਤਰ ਵਿਚ ਸਫਲਤਾ ਦੀ ਪ੍ਰਾਪਤੀ ਲਈ ਸਿਰਫ ਪ੍ਰਤਿਭਾ ਹੀ ਕਾਫੀ ਨਹੀਂ। ਕਵੀ ਨੂੰ ਯੁੱਗ ਦੀ ਆਤਮਾ ਦੀ ਵੀ ਪਛਾਣ ਹੋਣੀ ਆਵੱਸ਼ਕ ਹੈ। ਹੁਣ ਕਵੀ ਸੁਪਨ-ਸੰਸਾਰ ਵਿਚ ਨਹੀਂ ਰਹਿ ਸਕਦਾ। ਉਹ ਹੁਣ ਆਪਣੇ ਸਮੇਂ ਦੇ ਯਥਾਰਥ ਦੀ ਸਲਤਨਤ ਦਾ ਸ਼ਹਿਰੀ ਹੈ। ਸਮੁੱਚਾ ਭੂਤ ਕਾਲ ਉਸ ਵਿਚ ਵਿਚਰਨਾ ਚਾਹੀਦਾ ਹੈ। ਸਮਾਜ ਸਿਰਫ ਉਸ ਨੂੰ ਮਨ-ਪ੍ਰਚਾਵਾ ਕਰਨ ਵਾਲੇ ਵਜੋਂ ਹੀ ਨਹੀਂ ਚਾਹੁੰਦਾ, ਸਗੋਂ ਆਦਰਸ਼ਕ ਆਤਮਿਕ ਜੀਵਨ ਦਾ ਪ੍ਰਤੀਨਿਧ ਬਣਨ ਦੀ ਆਸ ਕਰਦਾ ਹੈ। ਭਵਿੱਖ ਬਾਣੀ ਕਰਨ ਵਾਲਾ, ਜੋ ਕਿ ਸਭ ਮੁਸ਼ਕਿਲ ਪ੍ਰਸ਼ਨਾਂ ਦਾ ਉੱਤਰ ਦੇ ਸਕੇ। ਇਕ ਵੈਦ, ਜਿਹੜਾ ਮਨੁੱਖ ਦੀਆਂ ਪੀੜਾਂ ਤੇ ਦੁੱਖਾਂ ਨੂੰ ਆਪਣੇ ਵਿਚੋਂ ਨਹੀਂ, ਸਗੋਂ ਦੂਸਰਿਆਂ 'ਚੋਂ ਲੱਭ ਸਕੇ ਤੇ ਉਹਨਾਂ ਦੀ ਕਾਵਿਕ-ਰੂਪ ਵਿਚ ਪੁਨਰ-ਸਿਰਜਣਾ ਕਰਕੇ ਕੋਈ ਇਲਾਜ ਦੱਸੇ।"
(ਹਵਾਲਾ ਜਾਰਜ ਥਾਪਸਨ ਦੀ ਪੁਸਤਕ The Human Essence ਵਿਚੋਂ)

(25-9 92) ਪਿੰਡ ਫੱਤੂ ਚੱਕ, ਡਾ: ਦਿਲਵਾਂ, (ਕਪੂਰਥਲਾ)

---

( ਸਫ਼ਾ 9 ਦੀ ਬਾਕੀ )

ਪਰੇ, ਕੰਧ ਨਾਲ ਲੱਗਾ ਹੋਇਆ ਸੀ ਤੇ ਹੈਂਡਲ ਉਸ ਦਾ ਕੰਧ ਵੱਲ ਤੇ ਥੱਲਾ ਏਧਰ ਵੱਲ ਨੂੰ ਸੀ। ਜਾਪਦਾ ਸੀ ਜਿਵੇਂ ਇਹ ਬੈਗ, ਖਿਝ ਕੇ, ਦੋਹਾਂ ਹੱਥਾਂ ਨਾਲ ਕੰਧ ਨਾਲ ਮਾਰਿਆ ਗਿਆ ਸੀ—"ਕਿੱਥੇ ਦੱਦ ਲੱਗਿਐ ਇਹ ! ਆ ਜਾਂਦੇ ਤੀਏ ਦਿਨ, ਮੂੰਹ ਚੁੱਕ ਕੇ, ਮੌਜ ਨਾਲ...।"

ਅਸਲ ਵਿਚ ਇਹ ਮੈਂ ਸਾਂ ਜੋ ਇਉਂ ਦੋਹਾਂ ਹੱਥਾਂ ਨਾਲ ਵਗਾਹ ਕੇ ਸੁੱਟਿਆ ਗਿਆ ਸਾਂ। ਇਹ ਬੈਗ ਨਹੀਂ ਸੀ, ਮੈਂ ਸਾਂ, ਜਿਸ ਦਾ ਸਿਰ ਕੰਧ ਨਾਲ ਤੇ ਪੈਰ ਏਧਰ ਵੱਲ ਨੂੰ ਸਨ। ਬੈਗ ਤਾਂ ਵਿਚਾਰਾ ਮੇਰਾ ਪ੍ਰਤੀਨਿਧ ਬਣਿਆ ਹੋਇਆ ਸੀ।

ਸੋਚਿਆ ਇਹ ਗਿਆ ਸੀ ਕਿ ਜੇ ਕੋਈ ਗਿਲਾ ਹੋਵੇਗਾ ਤਾਂ ਆਖਿਆ ਜਾ ਸਕਦਾ ਹੈ ਕਿ ਥਾਂ ਦੀ ਸਫ਼ਾਈ ਵੇਲੇ ਇਹ ਕੁਝ ਕੀਤਾ ਗਿਆ ਹੈ ਤੇ ਫੇਰ ਬੈਗ ਨੂੰ ਪਹਿਲੀ ਥਾਵੇਂ ਰੱਖਣਾ ਚੇਤੇ ਰਿਹਾ ਨਹੀਂ, ਜਾਂ ਮੁੜ ਕੇ ਰੱਖਿਆ ਗਿਆ ਹੀ ਨਹੀਂ। ਇਹ ਵੀ ਸੋਚਿਆ ਗਿਆ ਸੀ ਕਿ ਗਿਲਾ ਹੋਣਾ ਹੀ ਨਹੀਂ ਹੈ, ਇਸ਼ਾਰਾ ਸਮਝ ਲਿਆ ਜਾਣਾ ਹੈ। ਗਿਆਨ ਚੰਦ ਪਠਾਣੀਆ ਗਿਲਾ ਕਰਨ ਵਾਲਾ ਨਹੀਂ ਹੈ। ਜੇ ਉਹ ਗਿਲਾ ਕਰੇਗਾ ਤਾਂ ਆਪ ਹੀ ਨੀਵਾਂ ਹੋਵੇਗਾ। ਸ਼ੋਭਦਾ ਹੈ ਇਹੋ ਜਿਹੀਆਂ ਗੱਲਾਂ ਉਤੇ ਗਿਲੇ ਕਰਦਾ ? ਫੇਰ ਤਾਂ ਉਹ ਗਿਆਨ ਚੰਦ ਪਠਾਣੀਆ ਹੀ ਰਿਹਾ ਨਾ !

ਠੀਕ ਸੋਚਿਆ ਗਿਆ ਸੀ। ਮੇਰੇ ਲਈ ਇਹ ਗਿਲਾ ਕਰਨਾ ਬੜੀ ਹੀ ਮਾੜੀ ਗੱਲ ਸੀ।

ਕੀ ਕਹਿੰਦਾ ਪ੍ਰਕਾਸ਼ ਨੂੰ ਮੈਂ ? ਅੰਜਨਾ ਨੇ ਇਉਂ ਕੀਤਾ ? ਅੰਜਨਾ ਨੇ—ਜਿਸ ਦੀਆਂ ਮੈਂ ਰੋਜ਼ ਰੋਟੀਆਂ ਖਾਂਦਾ ਹਾਂ ਤੇ ਹੁਣ ਉਸ ਵਿਚਾਰੀ ਨੂੰ ਮੈਂ ਇਹ ਇਨਾਮ ਦੇ ਰਿਹਾ ਹਾਂ ? ਕੀ ਪ੍ਰਕਾਸ਼ ਉਸ ਉਤੇ ਡੰਡਾ ਨਹੀਂ ਚੁੱਕ ਲਵੇਗਾ ?

ਬੜੀ ਹੀ ਸ਼ਰਮ ਦੀ ਗੱਲ ਹੈ ਇਹ, ਮੇਰੇ ਲਈ—ਮੇਰੇ ਲਈ।

# ਮਿਖ਼ਾਇਲ ਸ਼ੋਲੋਖਵ, ਵਿਦਾਇਗੀ ਸਲਾਮ !

—ਰਘੁਬੀਰ ਢੰਡ

—ਕੌਨ ਕਹਿਤਾ ਹੈ ਕਿ ਮੌਤ ਆਈ ਤੋ ਮਰ ਜਾਊਂਗਾ
ਮੈਂ ਤੋ ਦਰਿਆ ਹੂੰ ਸਮੁੰਦਰ ਮੇਂ ਉਤਰ ਜਾਊਂਗਾ —ਕਾਸਮੀ

ਪੰਜੇ ਮਹਾਂਦੀਪਾਂ ਵਿਚ ਜਾਣਿਆ, ਪੜ੍ਹਿਆ ਅਤੇ ਸਲਾਹਿਆ ਜਾਣ ਵਾਲਾ, ਨੋਬੇਲ ਇਨਾਮ ਜੇਤੂ, ਸੋਵੀਅਤ ਲੇਖਕ ਮਿਖ਼ਾਇਲ ਸ਼ੋਲੋਖਵ 78 ਸਾਲ ਦੀ ਉਮਰ ਭੋਗ 21 ਫਰਵਰੀ ਨੂੰ ਆਪਣੇ ਕਰੋੜਾਂ ਪਾਠਕਾਂ ਅਤੇ ਹਮਦਰਦਾਂ ਤੋਂ ਸਦਾ ਲਈ ਵਿਛੜ ਗਿਆ ਹੈ। ਇਹ ਬੜੀ ਦੁਖਦਾਈ ਮੌਤ ਹੈ, ਕਿਉਂਕਿ ਜਿਸ ਸ਼ੋਲੋਖਵ ਨੇ ਦੁਨੀਆਂ ਨੂੰ 'ਤੇ ਡਾਨ ਵਹਿੰਦਾ ਰਿਹਾ' (And Quiet Flows The Don) ਵਰਗੀ ਅਮਰ ਤੇ ਯਥਾਰਥਕ (Objective) ਰਚਨਾ ਦਿੱਤੀ, ਆਪਣੀ ਕਲਮੀ ਸਿਰਜਣਾ ਨਾਲ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਅਮੀਰ ਕੀਤਾ, ਉਹ ਸ਼ੋਲੋਖੋਵ ਹੁਣ ਹੋਰ ਕੁਝ ਨਵਾਂ ਨਹੀਂ ਦੇ ਸਕੇਗਾ। ਇਹ ਘਾਟ ਪੂਰੀ ਨਹੀਂ ਕੀਤੀ ਜਾ ਸਕਦੀ—ਇਸ ਸਚਾਈ ਝੁਲਸਾਈ ਨਹੀਂ ਜਾ ਸਕਦੀ। ਇਸ ਤੋਂ ਵੱਡਾ ਦੁਖਾਂਤ ਹੋਰ ਕੀ ਹੋਵੇਗਾ ਕਿ ਜਿਸ ਇਨਸਾਨ ਨੇ ਸਾਨੂੰ ਬਹੁਤ ਚੰਗੀ ਦਾਤ ਦਿੱਤੀ ਹੋਵੇ ਤੇ ਹੋਰ ਵੀ ਚੰਗੀ ਦੇਣ ਦੀ ਸੰਭਾਵਨਾ ਰੱਖਦਾ ਹੋਵੇ, ਪਰ ਦੇ ਨਾ ਸਕਦਾ ਹੋਵੇ—ਮੌਤ ਕਾਰਣ...

ਇਸ ਧਰਤੀ ਉਤੇ ਜ਼ਿੰਦਗੀ ਨੇ ਜ਼ਿੰਦਗੀ ਬਣਨ ਲਈ ਇੰਨੇ ਜਫ਼ਰ ਜਾਲੇ ਹਨ—ਇੰਨੇ ਦੁਖਾਂਤਾਂ, ਮੌਤਾਂ ਤੇ ਸੰਘਰਸ਼ਾਂ ਨਾਲ ਲੋਹਾ ਲਿਆ ਹੈ ਕਿ ਵੱਡੇ ਤੋਂ ਵੱਡਾ ਹਾਦਸਾ ਵੀ ਇਸਦੀ ਹਰਕਤ ਨੂੰ ਰੋਕ ਨਹੀਂ ਸਕਦਾ—ਸ਼ੋਲੋਖੋਵ ਦੀ ਮੌਤ ਵੀ ਨਹੀਂ। ਇਸਦਾ ਇਹ ਅਰਥ ਨਹੀਂ ਕਿ ਜ਼ਿੰਦਗੀ ਨਿਰਮੋਹੀ ਹੁੰਦੀ ਹੈ—ਬਲਕਿ ਇਸਦਾ ਇਹ ਅਰਥ ਹੈ ਕਿ ਆਪਣੇ ਇਸੇ ਵਿਸ਼ੇਸ਼ ਖਾਸੇ ਸਦਕਾ ਜ਼ਿੰਦਗੀ ਸ਼ੋਲੋਖੋਵ ਵਰਗੇ ਮਹਾਨ ਕਲਾਕਾਰਾਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹੈ, ਕਿਉਂਕਿ ਉਨ੍ਹਾਂ ਦੀ ਸਿਰਜਣਾ ਦਾ ਆਧਾਰ ਤੇ ਮੰਤਵ ਹੀ ਇਹ ਹੁੰਦਾ ਹੈ ਕਿ ਜ਼ਿੰਦਗੀ ਬਦੀ ਦੀਆਂ ਤਾਕਤਾਂ ਨਾਲ ਲੜਦੀ-ਭਿੜਦੀ ਹਾਦਸਿਆਂ 'ਚੋਂ ਗੁਜ਼ਰਦੀ ਨਿਖਰਦੀ ਰਹੇ, ਹਰਕਤ ਕਰਦੀ ਰਹੇ। 1965 ਵਿਚ ਨੋਬੇਲ ਇਨਾਮ ਸਵੀਕਾਰ ਕਰਦਿਆਂ ਸ਼ੋਲੋਖੋਵ ਨੇ ਆਖਿਆ ਸੀ :

"ਕਲਾ ਵਿਚ ਲੋਕਾਂ ਦੇ ਦਿਲ ਦਿਮਾਗ਼ ਨੂੰ ਪ੍ਰਭਾਵਤ ਕਰਨ ਦੀ ਜ਼ਬਰਦਸਤ ਤਾਕਤ ਹੁੰਦੀ ਹੈ। ਮੇਰੀ ਨਜ਼ਰ ਵਿਚ ਉਹੀ ਕਲਾਕਾਰ ਹੈ ਜਿਹੜਾ ਆਪਣੀ ਕਲਾ ਦੀ ਤਾਕਤ ਨੂੰ ਮਨੁੱਖੀ ਆਤਮਾ ਨੂੰ ਖ਼ੂਬਸੂਰਤ ਬਨਾਉਣ ਤੇ ਮਨੁੱਖੀ ਕਲਿਆਣ ਲਈ ਵਰਤੇ। ...ਮੈਂ ਚਾਹੁੰਦਾ ਹਾਂ ਕਿ ਮੇਰੀਆਂ ਲਿਖਤਾਂ ਲੋਕਾਂ ਨੂੰ ਚੰਗੇ ਤੇ ਬੁਲੰਦ ਹੌਸਲੇ ਵਾਲੇ ਬਣਨ, ਆਪਸੀ ਪਿਆਰ ਪੈਦਾ ਕਰਨ, ਅਤੇ ਮਨੁੱਖ ਜਾਤੀ ਦੀ ਉੱਨਤੀ ਅਤੇ ਆਦਰਸ਼ਾਂ ਲਈ ਸਰਗਰਮੀ ਨਾਲ ਸੰਘਰਸ਼ ਕਰਨ ਲਈ ਸਹਾਈ ਹੋਣ। ਜੇ ਮੈਂ ਇਸ ਵਿਚ ਕੁਝ ਸਫਲ ਹੋ ਸਕਾਂ ਤਾਂ ਮੈਨੂੰ ਤਸੱਲੀ ਹੋਵੇਗੀ।"



ਜਿਵੇਂ ਗੋਰਕੀ ਦਾ ਜ਼ਿਕਰ ਕਰਨ ਲੱਗਿਆਂ ਉਸਦਾ ਨਾਵਲ 'ਮਾਂ' ਸਾਡੇ ਸਾਹਵੇਂ ਸਾਕਾਰ ਹੋ ਜਾਂਦਾ ਹੈ, ਇਸੇ ਤਰ੍ਹਾਂ ਸ਼ੋਲੋਖੋਵ ਦੇ ਨਾਲ ਉਹਦਾ ਅਮਰ ਨਾਵਲ 'ਤੇ ਡਾਨ ਵਹਿੰਦਾ ਰਿਹਾ' ਸਾਕਾਰ ਹੋ ਜਾਂਦਾ ਹੈ...ਜਜ਼ਬੇ ਤੇ ਬੁੱਧੀ ਦੀ ਏਨੀ ਤੀਖਣਤਾ ! ਏਨੀ ਬਲਵਾਨ ਤੇ ਸਾਰਥਕ ਕਲਪਨਾ ! ਆਮ ਤੋਂ ਆਮ ਪਾਤਰ ਨੂੰ ਵੀ ਮਿਸਾਲੀ (typical) ਬਣਾ ਸਕਣ ਦੀ ਏਨੀ ਸ਼ਿਲਪਕਾਰੀ ! ਤੇ ਉਹ ਵੀ ਸਿਰਫ਼ 23 ਸਾਲ ਦੀ ਉਮਰ ਵਿਚ ! ਪਹਿਲੇ ਮਹਾਂਯੁਧ ਦੇ ਸ਼ੁਰੂ ਦੌਰਾਨ ਅਤੇ ਅਕਤੂਬਰ ਇਨਕਲਾਬ ਦੇ ਪਹਿਲੇ ਪੰਜ ਸਾਲਾਂ ਦਾ ਘਰੇਲੂ ਜੰਗ ਦੌਰਾਨ ਡਾਨ ਕਜ਼ਾਕਾਂ (Don Cossacks) ਦੀ ਜ਼ਿੰਦਗੀ-ਮੌਤ ਦੀ ਜਦੋਜਹਿਦ ਨੂੰ ਏਨੇ ਕਲਾਮਈ ਤੇ ਯਥਾਰਥਵਾਦੀ ਢੰਗ ਨਾਲ ਚਿਤਰਿਆ ਕਿ ਗਰਿਗਰੀ ਅਤੇ ਅਕਸੀਨੀਆ ਨੂੰ ਜ਼ਿੰਦਗੀ ਤੋਂ ਏਡੇ ਵੱਡੇ ਤੇ ਮਿਸਾਲੀ ਬਣਾ ਦਿੱਤਾ ਕਿ ਪਰਖ ਵਾਲਿਆਂ ਨੇ ਇਕ-ਅਵਾਜ਼ ਹੋ ਕੇ ਆਖਿਆ ਕਿ ਪੱਥਰ ਵਿਚ ਅੱਗ ਦਾ ਗਿਆਨ ਤਾਂ ਹਰ ਕਲਾਕਾਰ ਨੂੰ ਹੁੰਦਾ ਹੈ ਪਰ ਪੱਥਰ ਨੂੰ ਬਿਨਾਂ ਕੁੱਟਿਆਂ-ਮਧੋਲਿਆਂ ਆਪਣੀ ਸ਼ਿਲਪਕਾਰੀ ਨਾਲ ਲਾਟਾਂ ਬਾਲ ਦੇਣੀਆਂ ਸ਼ੋਲੋਖੋਵ ਵਰਗੇ ਕਲਾਕਾਰਾਂ ਦਾ ਹੀ ਕ੍ਰਿਸ਼ਮਾ ਹੈ। ਹਾਂ, ਅੰਗ੍ਰੇਜ਼ੀ ਵਿਚ ਚਾਰ ਜਿਲਦਾਂ ਵਿਚ ਤਰਜਮਾਇਆ ਇਹ ਨਾਵਲ ਇਕ ਕ੍ਰਿਸ਼ਮਾ ਹੀ ਤਾਂ ਹੈ ਜਿਸ ਜਿਸ ਨਾਲ ਆਮ ਵਿਚੋਂ ਖ਼ਾਸ ਤੇ ਖ਼ਾਸ ਵਿਚੋਂ ਆਮ ਰੂਪਮਾਨ ਹੋ ਗਿਆ ਹੈ। ਇਸਦੇ ਵੀਰਤਾ-ਲੱਦੇ ਦ੍ਰਿਸ਼ਾਂ ਦੇ ਸੰਗੀਤਮਈ ਬਿਆਨ ਵਿਚੋਂ ਟਾਲਸਟਾਏ ਤੇ ਗੋਗੋਲ ਦੀਆਂ ਅਮੀਰ ਰਵਾਇਤਾਂ ਮੁੜ ਸੁਰਜੀਤ ਹੋ ਉੱਠੀਆਂ ਹਨ।

ਏਨੀ ਛੋਟੀ ਉਮਰ ਵਿਚ ਏਨੀ ਵੱਡੀ ਕਿਰਤ ਸਿਰਜਣ ਕਰਕੇ ਸ਼ੱਕ ਕੀਤਾ ਗਿਆ ਕਿ ਇਸਦਾ ਕਰਤਾ ਸ਼ੋਲੋਖੋਵ ਨਹੀਂ ਹੈ। ਫਤਵਿਆਂ ਦੇ ਮੁਸ਼ਤਾਕ ਸੋਲਜ਼ੇਨਿਸਤਨ ਨੇ ਵੀ ਇਹ ਫਤਵਾ ਦਿੱਤਾ...ਪਰ ਉਹ ਲੋਕ ਇਹ ਭੁੱਲ ਗਏ ਕਿ ਸ਼ੋਲੋਖੋਵ ਆਪ ਡਾਨ ਕਜਾਕ ਹੈ—ਉਥੇ ਹੀ ਜੰਮਿਆ, ਪਲਿਆ ਤੇ ਰਿਹਾ ਹੈ। ਜੋ ਕੁਝ ਲਿਖਿਆ ਉਸਨੂੰ ਆਪਣੇ ਪਿੰਡੇ 'ਤੇ ਹੰਢਾਇਆ ਅਤੇ ਕਲਪਨਾ ਦੀ ਵਿਸ਼ਾਲਤਾ ਤੇ ਦਿਲ ਦੀ ਜ਼ੁਬਾਨ ਨਾਲ ਲਿਖਿਆ।

ਕਦਰਦਾਨ ਆਲੋਚਕਾਂ ਦੀ ਰਾਇ ਹੈ ਕਿ ਜਦੋਂ ਤੀਕ ਡਾਨ ਨਦੀ ਵਹਿੰਦੀ ਰਹੇਗੀ, ਉਦੋਂ ਤੀਕ 'ਤੇ ਡਾਨ ਵਹਿੰਦਾ ਰਿਹਾ' ਨਾਵਲ ਵੀ ਜੀਂਦਾ ਰਹੇਗਾ ਤੇ ਉਹਦਾ ਕਰਤਾ ਸ਼ੋਲੋਖੋਵ ਵੀ। ਪਰ ਅਸੀਂ ਇਤਿਹਾਸਕ ਤੱਥਾਂ ਦੇ ਆਧਾਰ ਤੇ ਆਖਾਂਗੇ ਕਿ ਹੋ ਸਕਦਾ ਹੈ ਕਿ ਕੁਦਰਤ ਦੀ ਕਰੋਪੀ ਕਾਰਣ ਡਾਨ ਵਹਿਣੋਂ ਹਟ ਜਾਵੇ, ਜਾਂ ਮੁਲਕੀ ਭਲਾਈ ਲਈ ਇਸਦੇ ਰੁਖ ਬਦਲ ਦਿੱਤੇ ਜਾਣ, ਪਰ ਇਹ ਕਿਰਤ ਅਮਰ ਰਹੇਗੀ ਤੇ ਨਾਲ ਇਸਦਾ ਕਰਤਾ ਸ਼ੋਲੋਖੋਵ ਵੀ।

ਮਿਖਾਇਲ ਸ਼ੋਲੋਖੋਵ, ਵਿਦਾਇਗੀ ਸਲਾਮ ! ਤੂੰ ਗਿਆ ਕਿਥੇ ਏਂ ! ਤੂੰ ਤਾਂ ਸਿਰਫ ਸਰੀਰ ਛਡਿਆ ਹੈ। ਤੇਰੀ ਕਲਮ ਦੀ ਅਮੀਰੀ ਸਾਰੀ ਦੁਨੀਆਂ ਦੀ ਸਾਹਿਤਕ ਅਮੀਰੀ ਹੈ ਜਿਸ ਤੋਂ ਰੋਸ਼ਨੀ ਲੈ ਕੇ ਹੋਰ ਸ਼ੋਲੋਖੋਵ ਪੈਦਾ ਹੋਣਗੇ ਜਿਹੜੇ ਤੇਰੇ ਵਿਰਸੇ ਨੂੰ ਸਾਂਭਣਗੇ ਵੀ ਤੇ ਅਮੀਰ ਵੀ ਬਨਾਉਣਗੇ...ਤੇ ਡਾਨ ਵਹਿੰਦਾ ਰਹੇਗਾ ! ਆਮੀਨ !!

[ਨੋਟ :—ਇਹ ਨਿਬੰਧ ਡਾ: ਢੰਡ ਨੇ ਕੁਝ ਸਾਲ ਪਹਿਲਾਂ ਸ਼ੋਲੋਖੋਵ ਦੇ ਦਿਹਾਂਤ ਉਪਰੰਤ ਲਿਖਿਆ ਸੀ।]

—ਸੰਪਾਦਕ

## ਦੁਖਦਾਈ ਪਲ/ਸੁਖਵਿੰਦਰ

ਕਿੰਨੇ ਦੁਖਦਾਈ ਹੁੰਦੇ ਨੇ ਉਹ ਪਲ
ਜਦੋਂ ਮਨੁੱਖ ਖੂਹ-ਖਾਤਾ ਭਾਲਦਾ ਏ
ਕਿ ਜਦੋਂ ਤੀਜੇ ਨੇਤਰ ਸਣੇ
ਉਹ ਦੋ ਅੱਖਾਂ ਵੀ ਗਵਾ ਬਹਿੰਦਾ ਏ
ਤੇ ਫਿਰ ਨਿਰਾਸ਼ਾ ਦੇ ਅੰਨ੍ਹੇ 'ਖੂਹ' 'ਚ ਗੋਤੇ ਖਾਂਦਿਆਂ
ਉਹਨੂੰ ਤਿਣਕਾ ਮਖੌਲ ਤੋਂ ਵੱਧ ਕੁਝ ਨਹੀਂ ਲੱਗਦਾ !
ਕਿੰਨੇ ਦੁਖਦਾਈ ਹੁੰਦੇ ਨੇ ਉਹ ਪਲ
ਕਿ ਜਦੋਂ ਮਨੁੱਖ ਦੇ ਆਪਣੇ ਹੱਥ
ਉਹਦੇ ਗਲੇ ਵੱਲ ਵੱਧਦੇ ਨੇ
ਤੇ ਉਹ ਹੱਥਾਂ ਦੀ ਸਾਜ਼ਿਸ਼ 'ਚ
ਪੂਰੇ ਦਾ ਪੂਰਾ ਸ਼ਾਮਲ ਹੋ ਜਾਂਦਾ ਏ !
ਕਿ ਜਦੋਂ ਹੱਥ ਮੱਥੇ 'ਚ—
ਖੰਜ਼ਰ ਬਣ ਖੁੱਭ ਜਾਂਦੇ ਨੇ
ਤੇ ਮਨੁੱਖ ਜ਼ਖ਼ਮੀ ਪੰਛੀ ਦੀ ਤਰ੍ਹਾਂ—
ਛਟਪਟਾ ਵੀ ਨਹੀਂ ਸਕਦਾ !
ਬੜੇ ਦੁਖਦਾਈ ਹੁੰਦੇ ਨੇ ਉਹ ਪਲ
ਜਦੋਂ ਸਜਾਵਟੀ ਨੌਂਹ-ਨਸ਼ਤਰਾਂ ਬਣ ਜਾਂਦੇ ਨੇ
ਤੇ ਮਨੁੱਖ ਲਹੂ-ਲੁਹਾਨ ਪਿੰਡਾ—
ਕਿਸੇ ਨੂੰ—ਵਿਖਾ ਨਹੀਂ ਸਕਦਾ !
ਬੜੇ ਦੁੱਖਦਾਈ ਹੁੰਦੇ ਨੇ ਉਹ ਪਲ
ਜਦੋਂ ਜ਼ਿੰਦਗੀ ਦੇ ਹੁਸੀਨ ਹਰਫ—
ਧੂੰਡਿਆਂ ਦੀ ਭੇਂਟ ਹੋ ਜਾਂਦੇ ਨੇ
ਤੇ ਮਨੁੱਖ ਡੁੱਲੀ ਸਿਆਹੀ 'ਚੋਂ—
ਜ਼ਿੰਦਗੀ ਦੇ ਨਕਸ਼ਾਂ ਨੂੰ ਵੇਖ-ਵੇਖ ਝੂਰਦਾ ਏ !
—ਬੜੇ ਹੀ ਦੁਖਦਾਈ ਹੁੰਦੇ ਨੇ ਉਹ ਪਲ
ਜਦੋਂ ਮਨੁੱਖ ਆਪਣੇ ਆਪ ਨੂੰ—
ਹਾਰਿਆ ਮਹਿਸੂਸ ਕਰਦਾ ਏ !!

ਪਿੰਡ ਤੇ ਡਾ: ਚੋਹਲਾ ਸਾਹਿਬ, ਅੰਮ੍ਰਿਤਸਰ



## ਸਹਿਜ-ਚਿੰਤਨ ਦਾ ਕਵੀ—ਦਿਓਲ

ਡਾ: ਬਲਦੇਵ ਸਿੰਘ ਧਾਲੀਵਾਲ

ਸਵਰਗਵਾਸੀ ਬਖਤਾਵਰ ਸਿੰਘ ਦਿਓਲ ਦੀ ਕਾਵਿ-ਯਾਤਰਾ 1947 ਤੋਂ ਲੈ ਕੇ 1991 ਤਕ ਨਿਰੰਤਰ ਜਾਰੀ ਰਹੀ। ਇਸ ਲੰਮੇ ਕਾਲ ਦੌਰਾਨ ਪੰਜਾਬੀ ਸਾਹਿਤ ਚਿੰਤਨ ਦੇ ਅੰਤਰਗਤ ਪ੍ਰਗਤੀਵਾਦੀ, ਉਤਰ-ਪ੍ਰਗਤੀਵਾਦੀ, ਪ੍ਰਯੋਗਵਾਦੀ, ਜੁਝਾਰਵਾਦੀ, ਆਧੁਨਿਕਤਾ-ਵਾਦੀ ਅਤੇ ਪੰਜਾਬ ਸਮੱਸਿਆ ਤੋਂ ਪ੍ਰੇਰਿਤ ਪੰਜਾਬੀ ਸਾਹਿਤ ਦੀਆਂ ਧਾਰਾਵਾਂ ਸਥਾਪਿਤ ਅਤੇ ਵਿਸਸਥਾਪਿਤ ਹੋਈਆਂ। ਇਨ੍ਹਾਂ ਕਾਵਿ-ਧਾਰਾਵਾਂ ਦੇ ਸਮਾਨੰਤਰ ਦਿਓਲ ਚੁੱਪ-ਚਾਪ ਆਪਣੀ ਤੋਰੇ ਦ੍ਰਿੜਤਾ ਨਾਲ ਰਵਾਂ-ਰਵੀਂ ਤੁਰਦਾ ਰਿਹਾ। ਨਾ ਕਦੇ ਉਸਦੀ ਕਵਿਤਾ ਦਾ ਉਚੇਚਾ ਜ਼ਿਕਰ ਹੋਇਆ ਅਤੇ ਨਾ ਹੀ ਉਸਨੂੰ ਅਣਗੌਲਿਆ ਕੀਤਾ ਜਾ ਸਕਿਆ। ਉਹ ਪੰਜਾਬੀ ਦੇ ਮਿਆਰੀ ਸਾਹਿਤਕ ਪਰਚਿਆਂ ਵਿਚ ਲਗਾਤਾਰ ਪ੍ਰਕਾਸ਼ਿਤ ਹੁੰਦਾ ਰਿਹਾ। ਸਮੀਖਿਅਕਾਂ ਵਲੋਂ ਉਸ ਬਾਰੇ ਧਾਰੀ ਡੂੰਘੀ ਚੁੱਪ ਦੇ ਮੈਨੂੰ ਦੋ ਉਭਰਵੇਂ ਕਾਰਣ ਨਜ਼ਰ ਆਉਂਦੇ ਹਨ : ਪਹਿਲਾਂ ਇਹ ਕਿ ਦਿਓਲ ਨੇ ਕਿਸੇ ਵਿਸ਼ੇਸ਼ ਪ੍ਰਚਲਿਤ ਕਾਵਿ-ਧਾਰਾ ਦਾ ਅੰਗ ਬਣਕੇ ਜਾਂ ਗਲਬਾ ਸਵੀਕਾਰ ਕੇ ਲਿਖਣਾ ਪਸੰਦ ਨਹੀਂ ਕੀਤਾ, ਜਦ ਕਿ ਪੰਜਾਬੀ ਵਿਚ ਕਵੀਆਂ ਨਾਲੋਂ 'ਵਾਦਾਂ' ਦਾ ਚਰਚਾ ਵਧੇਰੇ ਹੁੰਦਾ ਰਿਹਾ ਹੈ। ਇਹ ਪੰਜਾਬੀ ਸਮੀਖਿਆ ਦੀ ਸੀਮਾ ਹੈ, ਦਿਓਲ ਦੀ ਨਹੀਂ। ਦੂਜਾ ਇਹ ਕਿ ਦਿਓਲ ਪ੍ਰਚਲਿਤ ਕਾਵਿ-ਧਾਰਾਵਾਂ ਬਾਰੇ ਕਵੀਆਂ ਜਸਵੰਤ ਸਿੰਘ ਨੇਕੀ, ਡਾ. ਹਰਿਭਜਨ ਸਿੰਘ, ਸ਼ਿਵ ਕੁਮਾਰ ਬਟਾਲਵੀ ਅਤੇ ਸੋਹਨ ਸਿੰਘ ਮੀਸ਼ਾ ਵਾਂਗ ਆਪਣੀ ਵਿਅਕਤੀਗਤ ਕਾਵਿ-ਪ੍ਰਤਿਭਾ ਦੇ ਬਲਬੂਤੇ ਆਪਣੀ ਹੋਂਦ-ਹਸਤੀ ਦਾ ਸਿੱਕਾ ਮਨਵਾਉਣ ਦੇ ਸਮਰੱਥ ਕਵੀ ਨਹੀਂ ਸੀ, ਇਹ ਦਿਓਲ-ਕਾਵਿ ਦੀ ਸੀਮਾਂ ਹੈ। ਅਜਿਹੀ ਸਥਿਤੀ ਦੇ ਬਾਵਜੂਦ ਦਿਓਲ ਕਾਵਿ ਦਾ ਪੰਜਾਬੀ ਕਾਵਿ-ਇਤਿਹਾਸ ਦੇ ਪ੍ਰਸੰਗ ਵਿਚ ਮੁੱਲ-ਅੰਕਣਾਂ ਬਣਦਾ ਸੀ ਤੇ ਬਣਦਾ ਹੈ। ਇਹ ਉਸ ਸਵਰਗਵਾਦੀ ਕਵੀ ਉਤੇ ਉਪਕਾਰ ਜਾਂ ਨਿਰੋਲ ਹਮਦਰਦੀ ਕਾਰਨ ਨਹੀਂ ਬਲਕਿ ਪੰਜਾਬੀ ਕਾਵਿ-ਚਿੰਤਨ ਦੇ ਵਿਦਿਆਰਥੀਆਂ ਦਾ ਫਰਜ਼ ਹੈ।

ਦਿਓਲ-ਕਾਵਿ ਦੀ ਸਮੁੱਚੀ ਟੈਕਸਟ ਦਾ ਅਧਿਅਨ ਕਰਦਿਆਂ ਜੋ ਗੱਲ ਵਾਰ-ਵਾਰ ਉਭਰਵੇਂ ਰੂਪ 'ਚ ਦ੍ਰਿਸ਼ਟੀਮਾਨ ਹੁੰਦੀ ਹੈ, ਉਹ ਇਹ ਹੈ ਕਿ ਦਿਓਲ ਸਹਿਜ-ਚਿੰਤਨ ਦਾ ਕਵੀ ਸੀ। ਇਸ ਲਈ ਨਾ ਤਾਂ ਉਹ ਕਿਸੇ 'ਵਾਦ' ਨਾਲ ਤੱਤ-ਭੜੱਤੇ ਢੰਗ ਨਾਲ ਤੁਰ ਸਕਦਾ ਸੀ ਅਤੇ ਨਾ ਹੀ ਸ਼ਿਵ ਬਟਾਲਵੀ ਵਾਂਗੂ ਜਨੂੰਨ ਦੀ ਹੱਦ ਤੱਕ ਕਿਸੇ ਵਿਸ਼ੇਸ਼ ਭਾਵ ਨਾਲ ਜੁੜ ਸਕਦਾ ਸੀ। ਦਿਓਲ ਦਾ ਦ੍ਰਿਸ਼ਟੀਕੋਣ, ਵਸਤੂ-ਸਥਾਰਥ ਦੀ ਪ੍ਰਤੱਖਣ-ਵਿਧੀ (Mode of Perception) ਅਤੇ ਪ੍ਰਗਟਾ-ਵਿਧੀ (Mode of expression) ਦੀਆਂ ਪ੍ਰਮੁੱਖ ਜੁਗਤਾਂ ਉਸਦੇ ਸਹਿਜ-ਚਿੰਤਨ ਦੀਆਂ ਅਨੁਸਾਰੀ ਹਨ। ਬਿੰਬ ਦੀ ਭਾਸ਼ਾ 'ਚ ਕਹਿਣਾ ਹੋਵੇ ਤਾਂ ਉਹ ਕਿਸੇ ਅੱਥਰੇ ਵੇਗ ਵਾਲੀ ਨਦੀ ਵਾਂਗ ਉਛਾਲੇ ਜ਼ਰੂਰ ਮਾਰਦਾ ਹੈ, ਪਰ ਕੰਢੇ ਤੋੜ ਕੇ ਵਗਣਾ ਨਾ ਉਸਦੀ ਚਾਹਤ ਸੀ ਨਾ ਸਮਰਥਾ। ਉਸਦੀ ਕਵਿਤਾ ਦਾ ਪ੍ਰੇਰਕ ਉਸਦਾ ਸੁਜੱਗ-ਬੋਧ ਨਹੀਂ, ਬਲਕਿ ਸਧਾਰਨ ਵਿਅਕਤੀ ਵਾਲੀ ਹੱਸਾਸ

ਸੰਵੇਦਨਾ ਹੈ। ਪਰ ਇਸਦਾ ਅਰਥ ਇਹ ਹਰਗਿਜ਼ ਨਹੀਂ ਕਿ ਉਸਦੀ ਕਵਿਤਾ ਵਿਚੋਂ ਜੀਵਨ-ਬੋਧ ਗਾਇਬ ਹੈ।

ਆਪਣੇ ਪਾਠਕਾਂ ਵਾਂਗ ਹੀ ਕਵੀ ਦਿਓਲ ਖੁਦ ਵੀ ਆਪਣੀ ਕਵਿਤਾ ਬਾਰੇ ਕੋਈ ਉਭਰਵੀਂ ਰਾਏ ਕਾਇਮ ਨਹੀਂ ਕਰ ਸਕਿਆ। ਇਸਦਾ ਪ੍ਰਤੱਖ ਕਾਰਨ ਮੈਨੂੰ ਇਹ ਨਜ਼ਰ ਆਉਂਦਾ ਹੈ ਕਿ ਦਿਓਲ ਦੀ ਕਵਿਤਾ ਵਿਚ ਭਾਈ ਵੀਰ ਸਿੰਘ ਤੋਂ ਲੈ ਕੇ ਸੁਰਜੀਤ ਪਾਤਰ ਤੱਕ ਦੇ ਬਹੁਤ ਸਾਰੇ ਪ੍ਰਤੀਨਿਧ ਕਵੀਆਂ ਦੀ ਕਵਿਤਾ ਦੇ ਰੰਗ ਝਲਕਦੇ ਹਨ, ਕਦੇ ਇਕਾਈ ਰੂਪ 'ਚ ਅਤੇ ਕਦੇ ਮਿਸ਼ਰਤ ਰੂਪ 'ਚ। ਪਰ ਦਿਲਚਸਪ ਗੱਲ ਇਹ ਹੈ ਕਿ ਇਸਦੇ ਬਾਵਜੂਦ ਦਿਓਲ ਕਿਸੇ ਵਿਸ਼ੇਸ਼ ਪੰਜਾਬੀ ਕਵੀ ਵਰਗਾ ਨਹੀਂ ਹੈ। ਆਪਣੀ ਅੰਤਲੀ ਉਮਰੇ ਕਵੀ ਨੂੰ ਆਪਣੀ ਕਾਵਿ-ਚੇਤਨਾ ਅਤੇ ਕਾਵਿ-ਸਰੂਪ ਬਾਰੇ ਖੁਦ ਇਸ ਕਿਸਮ ਦਾ 'ਅਹਿਸਾਸ' ਹੋ ਗਿਆ ਸੀ। ਵਿਚਾਰ ਅਧੀਨ ਪੁਸਤਕ 'ਮੇਰਾ ਕਾਵਿ-ਜਗਤ' ਜਿਸ ਵਿਚ ਉਸਦੀਆਂ ਪ੍ਰਤੀਨਿਧ ਕਾਵਿਤਾਵਾਂ ਸ਼ਾਮਿਲ ਹਨ, ਦੀ 'ਅਹਿਸਾਸ' ਨਾਮੀ ਭੂਮਿਕਾ ਵਿਚ ਉਹ ਲਿਖਦਾ ਹੈ :

> (ਮੇਰੀ ਕਵਿਤਾ ਵਿਚ) ਕਿਹੜੀ ਜੁਜ਼ ਭਾਰੂ ਹੈ ? ਇਹਦਾ ਕੋਈ ਸਪੱਸ਼ਟ ਨਿਰਣਾ ਮੈਨੂੰ ਅਜੇ ਤੱਕ ਨਹੀਂ ਮਿਲਿਆ। ਬੱਸ ਇਕ ਅਹਿਸਾਸ ਜਿਹਾ ਮੇਰੇ ਬੌਧਿਕ ਸੰਸਾਰ ਵਿਚ ਤੇ ਮੇਰੇ ਮਨ ਦੇ ਧਰਾਤਲ ਉਤੇ ਕਰਦਾ ਰਿਹਾ ਹੈ, ਇਕ ਬੱਦਲ ਦੀ ਪਰਛਾਈਂ ਵਾਂਗ।

ਆਪਣੀ ਅੰਤਲੀ ਉਮਰੇ ਆਪਣੀਆਂ ਚੋਣਵੀਆਂ ਕਾਵਿਤਾਵਾਂ ਨੂੰ ਇਤਿਹਾਸਕ-ਕ੍ਰਮ ਵਿਚ ਪ੍ਰਕਾਸ਼ਿਤ ਕਰਨ ਦਾ ਵਿਚਾਰ ਉਪਰੋਕਤ 'ਅਹਿਸਾਸ' ਦੀ ਉਪਜ ਹੀ ਸੀ। ਭਾਵ ਇਹ ਕਿ ਆਪਣੇ ਸਹਿਜ-ਚਿੰਤਨ ਅਨੁਕੂਲ ਭਾਵੇਂ ਉਸਨੇ ਉਚੀ ਸੁਰ ਵਿਚ ਸਮੀਖਿਅਕਾਂ ਦੇ ਧਿਆਨ ਦੀ ਮੰਗ ਨਹੀਂ ਕੀਤੀ, ਪਰ ਨਿਮਨ-ਸੁਰ ਵਿਚ ਆਪਣੀ ਕਾਵਿ-ਸਮਰੱਥਾ ਦੇ ਮੁਲੰਕਣ ਦੀ ਇੱਛਾ ਜ਼ਾਹਿਰ ਜ਼ਰੂਰ ਕੀਤੀ ਹੈ :

> ਸੋਚਦਾ ਹਾਂ ਇਨ੍ਹਾਂ ਕਵਿਤਾਵਾਂ ਵਿਚ ਕੀ ਕੁਝ ਸ੍ਰੇਸ਼ਟ ਹੈ ? ਉੱਤਰ ਵਜੋਂ ਇਕ ਅਹਿਸਾਸ ਜਿਹਾ ਮਨ ਵਿਚ ਜਾਗਦਾ ਰਿਹਾ ਹੈ, ਪਰ ਉਸਦਾ ਕੋਈ ਉਘੜਵਾਂ ਰੂਪ ਸਾਹਮਣੇ ਨਹੀਂ ਆ ਸਕਿਆ। (ਭੂਮਿਕਾ 'ਚੋਂ)

ਭਾਵੇਂ ਕਵੀ ਦੀਆਂ ਆਪਣੀ ਰਚਨਾ ਬਾਰੇ ਕੀਤੀਆਂ ਉਪਰੋਕਤ ਭਾਂਤ ਦੀਆਂ ਟਿੱਪਣੀਆਂ ਅੰਤਿਮ ਸੱਚ ਵਜੋਂ ਸਵੀਕਾਰ ਨਹੀਂ ਕੀਤੀਆਂ ਜਾ ਸਕਦੀਆਂ, ਪਰ ਇਨ੍ਹਾਂ ਵਿਚੋਂ ਉਸਦੇ ਅਵਚੇਤਨ ਅਤੇ ਚੇਤਨ ਦੇ ਦਵੰਦ ਦੀ ਮੁੱਢਲੀ ਸੋਅ ਜ਼ਰੂਰ ਮਿਲਦੀ ਹੈ ਜਿਸ ਨੂੰ ਆਧਾਰ ਬਣਾ ਕੇ ਦਿਓਲ-ਕਾਵਿ ਦਾ ਅਧਿਐਨ ਕਰਨਾ ਵਧੇਰੇ ਕਾਰਗਾਰ ਪ੍ਰਤੀਤ ਹੁੰਦਾ ਹੈ।

ਕਵੀ ਦੀਆਂ ਮੁੱਢਲੀਆਂ ਕਾਵਿਤਾਵਾਂ ਵਿਚ ਆਦਰਸ਼ਵਾਦੀ ਯਥਾਰਥਵਾਦ ਦੇ ਧਾਰਨੀ ਭਾਈ ਵੀਰ ਸਿੰਘ ਦੀ ਕਵਿਤਾ ਵਾਲੀ 'ਚੁੱਪ' ਅਤੇ ਮੋਹਨ ਸਿੰਘ—ਅੰਮ੍ਰਿਤਾ



ਪ੍ਰੀਤਮ ਦੇ ਰੁਮਾਂਚਕ ਪ੍ਰਗਤੀਵਾਦ ਵਿਚੋਂ ਉਭਰੇ 'ਬੋਲ' ਦਾ ਦਵੰਦ ਪ੍ਰਤੱਖ ਝਲਕਦਾ ਹੈ :

ਓ, ਦੀਪਕ
ਤੇਰੀ ਚੁੱਪ ਹੀ
ਅਣਗਿਣਤ ਪਤੰਗੇ
ਸੱਦ ਲੈਂਦੀ ਹੈ। (ਦੀਪਕ)

ਅਤੇ ਦੂਜੇ ਪਾਸੇ :

ਰੁੱਤ ਫਿਰੀ ਵਣ ਕੰਬਿਆ
ਵਣ ਅੱਗਾਂ ਮੱਚੀਆਂ।
ਅਲਫ਼ ਨੰਗੀਆਂ ਹੋ ਗਈਆਂ,
ਅੱਜ ਗੱਲਾਂ ਸੱਚੀਆਂ।
ਇਕ ਦਰ ਉਚੀਆਂ ਮਾੜੀਆਂ
ਇਕ ਕੰਧਾਂ ਕੱਚੀਆਂ
ਫੜੇ ਲੁਟੇਰੇ ਪਾੜ ਤੋਂ
ਫੜ ਨੱਪੀਆਂ ਗਿੱਚੀਆਂ (ਰੁੱਤ ਫਿਰੀ ਵਣ ਕੰਬਿਆ)

ਕਵੀ 'ਉੱਚੀਆਂ ਮਾੜੀਆਂ' ਅਤੇ 'ਕੱਚੀਆਂ ਕੰਧਾਂ' ਵਾਲੇ ਸ਼ਰੇਣੀ-ਸਮਾਜ ਦੀਆਂ ਅਸੰਗਤੀਆਂ ਦਾ ਬੋਧ ਜਿਸ ਲੋਕ-ਵਰਗ ਨੂੰ ਕਰਾਉਣਾ ਚਾਹੁੰਦਾ ਹੈ, ਉਸ ਦੀ ਚੇਤਨਾ ਉਤੇ ਸਥਾਪਤੀ ਦੀ ਧਰਮ ਅਧਾਰਿਤ ਚੇਤਨਾ ਅਤੇ ਜਾਤ-ਅਧਾਰਿਤ ਸੋਪਾਨਤੰਤਰੀ ਸਮਾਜਿਕ ਵਿਵਸਥਾ ਦਾ ਕਰੜਾ ਤੇ ਗਹਿਰਾ ਪ੍ਰਭਾਵ ਸੀ। ਇਹ ਅਹਿਸਾਸ ਕਵੀ ਦੇ ਉਪਰੋਕਤ ਚੁੱਪ ਤੇ ਬੋਲ ਦੇ ਦਵੰਦ ਨੂੰ ਹੋਰ ਤੀਖਣ ਕਰਦਾ ਹੈ। ਇਸ ਦਵੰਦ 'ਚੋਂ ਮੁਕਤ ਹੋਣ ਲਈ ਉਹ ਖੁਦ 'ਕਿਰਤੀ' ਉਪਰ ਟੇਕ ਰੱਖ ਕੇ ਉਚਾਰਦਾ ਹੈ, "ਦੱਸੀਂ ਵੇ ਮੈਨੂੰ ਕਿਰਤੀਆਂ ਹੁਣ ਜਾਵਾਂ ਕਿਹੜੇ ਰਾਹ ?" ਇਹ 'ਰਾਹ' ਉਸਨੂੰ ਉਸ ਸਮੇਂ ਸਮਾਜਵਾਦ ਦਾ ਨਜ਼ਰ ਆਉਂਦਾ ਹੈ। ਪਰ ਸੰਗਠਿਤ ਲੋਕ-ਸ਼ਕਤੀ ਦੀ ਅਣਹੋਂਦ ਵਿਚ ਇਸ ਰਾਹ ਉਤੇ ਤੁਰਨ ਲਈ ਕਵੀ ਨੂੰ ਯਥਾਰਥਕ ਧਰਾਤਲ ਨਹੀਂ ਮਿਲਦਾ, ਇਸ ਲਈ ਰੁਮਾਂਚਕ ਪ੍ਰਗਤੀਵਾਦ ਦੀ ਸੁਰ ਵਿਚ ਹੀ ਉਹ ਲੁਕਾਈ ਖੁਦ ਦੀ ਮੁਕਤੀ ਦੇ ਰਾਹ ਕਲਪਨਾ ਦੇ ਸਵਰਗ ਵਿਚ ਵੇਖਦਾ ਹੈ :

ਸੁਬਾਹ ਸਵੇਰੇ ਲਾਲੀ ਪਸਰੀ, ਪਹੁ ਫੁਟਾਲਾ ਹੋਇਆ ਹੈ।
ਪੂਰਬ ਦੀਆਂ ਬਰੂਹਾਂ ਉਤੇ, ਲਾਲ ਚੋਆ ਕਿਸ ਚੋਇਆ ਹੈ ?
ਕੌਣ ਆਇਆ ? ਕਿਹਦੇ ਆਏਗਾ ? ਘਰ ਘਰ ਪੋਚਿਆ ਗੋਹਿਆ ਹੈ।
"ਜੀਉ ਆਇਆਂ" ਆਖਣ ਲਈ ਕਿਹਨੂੰ ? ਲੋਕ ਇਕੱਠਾ ਹੋਇਆ ਹੈ ?
(ਸੁਬਾਹ ਸਵੇਰੇ)

ਰੁਮਾਂਚਕ ਪ੍ਰਗਤੀਵਾਦੀ ਕਵਿਤਾ ਦੀ ਇਹ ਸੁਰ ਭਾਰਤ ਦੀ ਅਜ਼ਾਦੀ ਉਪਰੰਤ ਪੈਦਾ ਹੋਏ ਪੂੰਜੀਵਾਦੀ ਉਪਭੋਗਤਾਵਾਦੀ ਸਭਿਆਚਾਰ ਅਤੇ ਆਜ਼ਾਦੀ ਨੇ ਦਿੱਤੇ ਸਵੈ-

ਮੁਕਤੀ ਦੇ ਭਰਮਮੂਲਕ ਸੁਪਨੇ ਨੇ ਬਹੁਤਾ ਸਮਾਂ ਉਭਰੀ ਨਹੀਂ ਰਹਿਣ ਦਿੱਤੀ। ਕਵੀ ਲਈ ਹੁਣ ਨਵੀਂ ਚੁਣੌਤੀ ਅਚੇਤੰਨ ਪਾਠਕ/ਸਰੋਤੇ ਦੀ ਥਾਂ ਉਹ ਵਿਕ੍ਰੇਤਾ ਬਣ ਬੈਠਾ ਜਿਹੜਾ ਬਾਕੀ ਕਿਰਤਾਂ ਵਾਂਗ ਸਾਹਿਤ ਨੂੰ ਵੀ ਮੰਡੀ ਦਾ ਮਾਲ ਬਣਾ ਕੇ ਆਪਣੇ ਨਵੇਂ ਉਪ-ਭੋਗਤਾਵਾਦੀ ਸਭਿਆਚਾਰ ਦੀਆਂ ਜੜ੍ਹਾਂ ਡੂੰਘੀਆਂ ਕਰ ਰਿਹਾ ਸੀ :

ਜਾਹ ਓ, ਵਪਾਰੀਆ ਜਾਹ।
ਚੁੱਕ ਲੈ ਤੱਕੜ ਪਸੇਰੀ।
ਸੂਰਜ ਨਾਂ ਵੇਚਦਾ ਧੁੱਪ
ਮਾਂ ਨਾ ਵੇਚਦੀ ਦੁੱਧ
ਚੰਦ ਨਾ ਵੇਚਦਾ ਰਿਸ਼ਮਾ
ਰੁੱਖ ਨਾ ਵੇਚਦੇ ਛਾਂ
ਦੀਵਾ ਨਾ ਵੇਚਦਾ ਲੋਅ
ਫੁੱਲ ਨਾ ਵੇਚਦਾ ਖੁਸ਼ਬੂ
ਸ਼ਾਇਰ ਨਾ ਵੇਚਦਾ ਸ਼ਾਇਰੀ। (ਜਾਓ ਵਪਾਰੀਆ)

ਸੋਸ਼ਕ ਧਿਰ ਦੇ ਅਜਿਹੇ ਅਮਲ ਦੇ ਪ੍ਰਭਾਵ ਵਜੋਂ ਹੀ ਪੰਜਾਬੀ ਵਿਚ ਇਕ ਪਾਸੇ ਪ੍ਰਯੋਗਵਾਦੀ ਲਹਿਰ ਦੇ ਰੂਪ ਵਿਚ ਮੱਧ-ਵਰਗੀ ਪਲਾਇਣਵਾਦ ਦਾ ਰੁਝਾਨ ਪੈਦਾ ਹੋਇਆ ਸੀ ਅਤੇ ਦੂਜੇ ਪਾਸੇ (ਬਾਅਦ ਵਿਚ) ਇਸ ਅਮਲ ਨੂੰ ਚੁਣੌਤੀ ਦੇਣ ਵਾਸਤੇ ਮੱਧ-ਵਰਗੀ ਨਕਸਲੀ ਜੁਝਾਰਵਾਦ ਦੀ ਲਹਿਰ ਉਠੀ ਸੀ। ਇਨ੍ਹਾਂ ਦੋਹਾਂ ਧਿਰਾਂ ਦੇ ਸਮਾਂਨੰਤਰ ਕਵੀ ਦਿਓਲ ਕਦੇ ਸਵੈ-ਗਿਲਾਨੀ ਦਾ ਸ਼ਿਕਾਰ ਹੁੰਦਾ ਹੈ :

ਊਸ਼ਾ ਦੀ ਲਾਲੀ ਨਿੱਤ ਬੂਹਾ ਠਕੋਰਦੀ,
ਮੇਰੇ ਬੱਜਰ ਕੰਨ ਕਦੇ ਇਕ ਨਾ ਸੁਣੀਣ।
ਮੈਂ ਕੰਜੂਸ ਕਦੇ ਭਿੱਤ ਨਾਂ ਖੋਲ੍ਹਾਂ,
ਉਹ ਮੁੜ ਜੇ ਨਿਰਾਸੀ ਵਾ ਕੇ ਜੋਗੀ ਜਿਉ ਵੀਣ। (ਲਾਲੀਆਂ)

ਕਦੇ ਜਿਨਸੀ ਉਲਾਰਤਾ ਦਾ, ਜਿਵੇਂ ਕਵਿਤਾ 'ਪਿਆਸ' ਦੀਆਂ ਇਹ ਸਤਰਾਂ ਦੱਸਦੀਆਂ ਹਨ :

ਅਹੁ ਇਕ ਬਦਲੀ ਈਕਣ, ਜੀਕਣ
ਯੁਵਤੀ ਨਾਰ ਭਾਰ ਸਤਨਾ ਦੇ, ਝੁਕੀ ਝੁਕੀ ਅਲਸਾਈ ਹੋਈ
ਅੱਗੇ ਵੱਲ ਅਰੋਜ਼ ਵਧਾ ਕੇ, ਪਿੱਛੇ ਵੱਲ ਨਿਤੰਬ ਝੁਲਾ ਕੇ
ਕਮਰ ਦੁਆਲੇ ਵਸਤਰ ਵਲਦੀ। (ਪਿਆਸ)

ਕਦੇ ਸ਼ਿਵ ਬਟਾਲਵੀ ਵਾਂਗ ਬਿਰਹਾ ਦੀ ਵੇਦਨਾ ਨਾਲ ਆਪਾ ਕੋਂਹਦਾ ਤੇ ਸਵੈ-ਤਰਸ ਦੀ ਭਾਵਨਾ ਨਾਲ ਕਰਾਹੁੰਦਾ ਹੈ :

ਕਿਉਂ ਅੱਗਾਂ ਦੇ ਵਣਜ ਸਹੇੜੇ
ਬੁੱਕ ਭਰੇ ਅੰਗਿਆਰਾਂ ਦੇ



ਸੱਪਾਂ ਦਾ ਇਕ ਹਾਰ ਬਣਾ ਕੇ
ਕਿਉਂ ਮੈਂ ਗਲ ਵਿਚ ਪਾਇਆ ਹੈ। (ਸੱਪਾਂ ਦੇ ਹਾਰ)

ਕਦੇ ਇਹ ਮੱਧ-ਵਰਗੀ ਵਿਅਕਤੀਵਾਦ ਹਰਿਭਜਨ ਸਿੰਘ ਦੇ "ਸੁਹਜਵਾਦ" "ਮੈਂ ਭਰੀ ਸੁਗੰਧੀਆਂ ਪੌਣ ਸੱਜਣ ਤੇਰੇ ਬੂਹੇ, ਵੇ ਤੂੰ ਇਕ ਵਾਰੀ ਤੱਕ ਲੈ ਕੌਣ ਸੱਜਣ ਤੇਰੇ ਬੂਹੇ" ਦੀ ਸੁਰ ਵਿਚ ਸ਼ਿਸ਼ਟਾਚਾਰੀ ਢੰਗ ਨਾਲ ਆਪਾ ਪ੍ਰਗਟਾਉਂਦਾ ਹੈ :

ਓ, ਮੈਂ ਖਿੜ ਖਿੜ ਪੈਂਦਾ ਫੁੱਲ
ਸੱਜਣ ਰਹੁ ਬਿੰਦ,
ਪੱਲੂ 'ਚ ਤੇਰੇ ਟੰਗ ਦੇਵਾਂ।
... ... ... ...
ਓ ਮੈਂ ਭੁੱਲ੍ਹ ਪਿਆ ਮੁਸ਼ਕ ਕਪੂਰ
ਸੱਜਣ ਮਖਮੂਰ
ਕਰਾਂ ਤੇਰੇ ਅੰਗ ਅੰਗ ਨੂੰ। (ਗੀਤ ਪੰਨਾ 68)

ਦਿਓਲ ਦੀ ਇਸ ਦੌਰ ਦੀ ਕਵਿਤਾ ਵਿਚ ਜਿਥੇ ਪ੍ਰਯੋਗਵਾਦੀ ਪੰਜਾਬੀ ਕਾਵਿ-ਧਾਰਾ ਦੀ ਇਕੱਲਤਾ, ਬੇਗਾਨਗੀ, ਸਵੈ-ਗਿਲਾਨੀ, ਲਘੂ-ਹੋਂਦ, ਛਿਣਭੰਗਰਤਾ ਦੇ ਅਨੁਭਵ ਦੀ ਹਲਕੀ ਰੰਗਣ ਮੂਰਤੀਮਾਨ ਹੁੰਦੀ ਹੈ, ਹਰਿਭਜਨ ਸਿੰਘ ਦੇ ਸੁਹਜਵਾਦ, ਸ਼ਿਵ ਦੇ ਬਿਰਹਾ ਭਾਵ ਅਤੇ ਮੀਸ਼ੇ ਦੀ ਬੌਧਿਕ ਸੁਰ ਜਿਹਾ ਰੰਗ ਨਜ਼ਰ ਆਉਂਦਾ ਹੈ, ਉਥੇ ਨਕਸਲੀ ਜੁਝਾਰਵਾਦ ਦੇ ਮੱਧ-ਵਰਗੀ ਵਿਅਕਤੀ ਨਾਇਕਤਵ ਦੀ ਧੁਨੀ ਵੀ ਸਾਕਾਰ ਹੁੰਦੀ ਹੈ। ਇਸ ਮਿਸ਼ਰਤ ਚੇਤਨਾ ਨੂੰ ਨਿਮਨ-ਲਿਖਤ ਸਤਰਾਂ ਪ੍ਰਗਟਾਉਂਦੀਆਂ ਹਨ :

ਮੱਚੇ ਹਾਂ ਲਾਟ ਵਾਂਗੂ
ਚੇਤਨਾ ਦੇ ਵਿਹੜੇ
ਲੋਕਾਂ ਦੀ ਸੋਚ ਅੰਦਰ
ਪਹੁੰਚੇ ਹਾਂ ਜਾਗ ਬਣਕੇ
ਫਿਰ ਵੀ ਅਜੇ ਹਨ੍ਹੇਰਾ
ਹੋਇਆ ਨਾ ਅਜੇ ਸਵੇਰਾ
ਪੰਛੀ ਨਾ ਕੋਈ ਚਹਿਕੇ
ਸੁਬਾਹ ਦਾ ਰਾਗ ਬਣਕੇ। (ਅੱਜ ਦਾ ਫਰਿਹਾਦ)

"ਅੱਜ ਦਾ ਇਹ ਫਰਿਹਾਦ" ਫਿਰ ਆਪਣੇ ਅੰਤਲੇ ਦੌਰ ਦੀ ਕਵਿਤਾ ਭਾਵ ਪੰਜਾਬ ਸਮੱਸਿਆ ਦੀ ਕਵਿਤਾ ਨਾਲ ਆਪਣੀ ਸੁਰ ਮਿਲਾਉਣ ਦਾ ਯਤਨ ਕਰਦਾ ਹੈ। ਇਸ ਸੰਗ੍ਰਹਿ ਦੇ ਅੰਤ ਵਿਚ ਦਿੱਤੀਆਂ ਕਵਿਤਾਵਾਂ 'ਮੌਸਮ ਦਾ ਹਾਲ', 'ਰੱਤ ਦਾ ਮੌਸਮ', 'ਸ਼ਬਦ ਸ਼ਕਤੀ', 'ਮਿਰਗ', 'ਸਵਾਲ ਨਾ ਕਰੋ', 'ਕਿਸ ਪੋਥੀ ਦਾ ਅੱਖਰ ਥੀਵਾਂ' ਆਦਿ ਇਸ ਭਾਵ-ਬੋਧ ਦੀਆਂ ਕਵਿਤਾਵਾਂ ਹਨ।

ਇਨ੍ਹਾਂ ਕਵਿਤਾਵਾਂ ਦੀ ਮਹੱਤਤਾ ਜਟਿਲ ਵਸਤੂ-ਯਥਾਰਥ ਦੀਆਂ ਡੂੰਘੀਆਂ ਪਰਤਾਂ

ਉਧੇੜਨ ਕਰਕੇ ਉਨੀ ਨਹੀਂ ਜਿੰਨੀ ਪਾਠਕ ਨੂੰ ਸੰਵੇਦਨਸ਼ੀਲ ਬਣਾਉਣ ਲਈ ਪ੍ਰੇਰਕ ਬਣਨ ਦੀ ਸ਼ਕਤੀ ਕਰਕੇ ਹੈ :

ਦਰਿਆਵਾਂ ਵਿਚ ਰੱਤ ਵਗਦੀ ਹੈ
ਕਿਉਂ ਕਰ ਹੋਂਠ ਛੁਹਾਈਏ
ਘੁੱਟ ਕੁ ਨਿੱਤਰੇ ਜਲ ਦੀ ਆਸ਼ਾ
ਰਹਿ ਗਈ ਧਰੀ ਧਰੀ । (ਹੰਸਾ ਜੀਅੜਿਆ)

ਇਹ ਉਪਭਾਵੁਕਤਾ ਦੀ ਕਵਿਤਾ ਹੈ, ਜਿਸਨੂੰ ਪ੍ਰਸ਼ਨ-ਸੂਚਕ ਕਾਵਿ-ਜੁਗਤ ਰਾਹੀਂ ਪ੍ਰਗਟਾਇਆ ਗਿਆ ਹੈ । ਪੰਜਾਬ ਸਮੱਸਿਆ ਦੇ ਵਿਕਰਤ ਰੂਪ ਅਤੇ ਜਟਿਲ ਸੁਭਾਅ ਸਾਹਵੇਂ ਇਕ ਸਹਿਜ-ਚਿੰਤਨ ਦੇ ਕਵੀ ਦੀ 'ਲੱਪ ਕੁ ਮਹਿਕ', 'ਮੁੱਠ ਕੁ ਤਾਰੇ', 'ਮੁੱਠੀ 'ਚ ਫੜਿਆ ਸੂਰਜ ਦਾ ਟੋਟਾ' ਸੰਘਣੇ ਹਨੇਰੇ ਨੂੰ ਮਿਟਾ ਸਕਣ ਤੋਂ ਅਸਮਰਥ ਹੋ ਨਿਬੜਦੇ ਹਨ । ਇਸ ਅਸਮਰਥਤਾ ਦੀ ਬੇਬਸੀ ਵਿਚੋਂ ਹੀ ਇਹ ਪ੍ਰਗੀਤਕ ਹੂਕ ਨਿਕਲਦੀ ਹੈ ;

ਕਿਸ ਪੋਥੀ ਦਾ ਅੱਖਰ ਥੀਵਾਂ ?
ਸਫਾ ਸਫਾ ਸ਼ਰਮਿੰਦਾ
ਪੋਥੀਆਂ ਪਿੱਛੇ ਲੁਕ ਲੁਕ ਬਹਿੰਦੇ
ਬੰਦਿਆਂ ਦੇ ਹਤਿਆਰੇ । (ਕਿਸ ਪੋਥੀ ਦਾ ਅੱਖਰ ਥੀਵਾਂ)

ਆਪਣੀ ਕਵਿਤਾ 'ਸ਼ਬਦ ਸ਼ਕਤੀ' ਰਾਹੀਂ 'ਲੋਹੇ ਦੀ ਪੂਜਾ' ਤੋਂ ਹਟਕੇ 'ਸ਼ਬਦ ਸ਼ਕਤੀ' ਨੂੰ ਅਜ਼ਮਾਉਣ ਦੀ ਅਪੀਲ ਕਰਨ ਵਾਲਾ ਕਵੀ ਅੰਤ ਹਥਿਆਰ ਦੇ ਯੁੱਗ ਵਿਚ ਕਲਾ ਦੀ ਬੇਬਸੀ ਨੂੰ ਪ੍ਰਤੀਤ ਕਰ ਲੈਂਦਾ ਹੈ, ਪਰ ਫਿਰ ਵੀ ਆਪਣੀ ਰਚਨਾਤਮਕਤਾ ਨੂੰ ਸੁਰਜੀਤ ਰੱਖਣ ਲਈ 'ਸਮਝਾਂ ਵਾਲਿਆਂ' ਤੋਂ 'ਚਿਣਗ' ਮੰਗਦਾ ਹੈ :

ਸਮਝਾਂ ਵਾਲਿਓ ਚਿਣਗ ਮਘਾਵੋ
ਦੁਨੀਆਂ ਦੇ ਰੁਸ਼ਨਾਵੋ,
ਮੇਰਾ ਦਿਲ ਅੱਧ-ਜਲਿਆ ਕੋਲਾ
ਮਘਦਾ ਨਹੀਂ ਮਘਾਇਆਂ । (ਮਕਤਲ ਵਿਚ)

ਦਿਓਲ-ਕਾਵਿ ਦੀ ਮਹੱਤਤਾ ਆਪਣੇ ਵਸਤੂ-ਯਥਾਰਥ ਦੀ ਮੌਲਿਕਤਾ ਵਿਚ ਉਨੀ ਨਹੀਂ ਜਿੰਨੀ ਆਪਣੇ ਕਾਲ ਦੇ ਉਭਰਵੇਂ ਵਿਸ਼ਿਆਂ ਨੂੰ ਲੋਕ-ਕਾਵਿ ਦੇ ਪ੍ਰਵਾਨਿਤ ਚਿੰਨ੍ਹਾਂ ਪ੍ਰਤੀਕਾਂ, ਬਿੰਬਾਂ ਅਤੇ ਧੁਨਾਂ (ਛੰਦਾਂ) ਦੇ ਸੱਜਰੇ ਰੂਪ ਰਾਹੀਂ ਪ੍ਰਸਤੁਤ ਕਰਨ ਕਰਕੇ ਹੈ । ਉਸਦੀ ਕਵਿਤਾ ਵਿਚਲੇ ਸੰਘਣੇ ਸਰੋਦੀਪਣ ਦਾ ਘਣਾਂ ਸਬੰਧ ਉਸਦੇ ਲੋਕ-ਕਾਵਿ ਵਿਧਾ ਦੇ ਨੇੜੇ ਰਹਿਣ ਨਾਲ ਹੈ, ਮਿਸਾਲ ਵਜੋਂ ਨਿਮਨ ਲਿਖਤ ਕਾਵਿ-ਬੰਦ ਉਪਰ ਵਰਣਿਤ ਧਾਰਨਾ ਦੀ ਮੂੰਹ ਬੋਲਦੀ ਗਵਾਹੀ ਪੇਸ਼ ਕਰਦਾ ਹੈ :

ਤੀਵੀਂ ਅੱਗ ਦੀ ਲਾਟ
ਵਿਹਾਜਾਂ, ਸੜਦਾ
ਤਿਆਗਾਂ, ਠਰਦਾ
... ... ... ...
ਜਿੰਦ ਜੁਆਰ ਦਾ ਖੇਤ
ਸਿਲ੍ਹਾਰਨਾ ਹੂੰਝਣ
ਘੁੱਗੀਆਂ ਠੂੰਗਣ (ਤੀਵੀਂ)



ਅਸਲ ਵਿਚ ਦਿਓਲ-ਕਾਵਿ ਦੀ ਪੰਜਾਬੀ ਕਾਵਿ-ਧਾਰਾ ਨੂੰ ਵੱਡੀ ਦੇਣ ਅਜਿਹੇ ਪ੍ਰਗਤੀਕਤਾ ਨਾਲ ਲਬਰੇਜ਼ ਗੀਤ ਹਨ । ਹੋ ਸਕਦਾ ਹੈ ਦਿਓਲ ਦੀ ਕਵਿਤਾ ਪੰਜਾਬੀ ਕਾਵਿ-ਚਿੰਤਨ ਦੇ ਪ੍ਰਸੰਗ ਵਿਚ ਕੁਝ ਅਣਗੌਲੀ ਰਹਿ ਜਾਵੇ, ਪਰ ਇਹ ਗੀਤ ਆਪਣਾ ਯੋਗ ਮੁੱਲ ਸਮੀਖਿਅਕਾਂ ਤੋਂ ਨਹੀਂ ਤਾਂ ਲੋਕਾਂ ਤੋਂ ਜ਼ਰੂਰ ਪਵਾ ਲੈਣਗੇ । ਮੇਰਾ ਇਹ ਨਿਸਚਾ ਇਨ੍ਹਾਂ ਗੀਤਾਂ ਦੀ ਸਮਰੱਥਾ ਤੋਂ ਹੀ ਬੱਝਾ ਹੈ, ਵਿਅਕਤੀ ਦਿਓਲ ਨਾਲ ਕਿਸੇ ਵਿਸ਼ੇਸ਼ ਮੋਹ-ਭਾਵ ਕਰਕੇ ਨਹੀਂ ।

R-46
ਪੰਜਾਬੀ ਯੂਨੀਵਰਸਿਟੀ ਪਟਿਆਲਾ

——O——

ਵਾਘਿਓਂ ਪਾਰ

## ਗ਼ਜ਼ਲ/ਅਕਬਰ ਨਾਜ਼ਮੀ (ਪਾਕਿਸਤਾਨ)

ਮੌਸਮ ਰੰਗਾਂ ਦਾ ਦਰਵਾਜ਼ਾ ਖੋਲ੍ਹੇਗਾ
ਜਦੋਂ ਕੋਈ ਫੁੱਲ ਟਾਹਣੀ ਤੇ ਪਰ ਤੋਲੇਗਾ
ਹੱਥਾਂ ਦੀਆਂ ਲਕੀਰਾਂ ਚਾਨਣ ਦੇਣਗੀਆਂ
ਪਲਕਾਂ ਉੱਤੇ ਠਹਿਰਿਆ ਪਾਣੀ ਬੋਲੇਗਾ
ਲਫ਼ਜ਼ਾਂ ਦੇ ਮੂੰਹ ਕਾਲੇ ਹੁੰਦੇ ਜਾਂਦੇ ਨੇ
ਇਹ ਅਫਸਾਨਾ ਸਭ ਦੀਆਂ ਅੱਖਾਂ ਖੋਲ੍ਹੇਗਾ
ਆਪਣੀ ਆਪਣੀ ਕੀਤੀ ਸਾਰੇ ਭੁਗਤਣਗੇ
ਸਭ ਨੂੰ ਵੇਲਾ ਤੱਕੜੀ ਉੱਤੇ ਤੋਲੇਗਾ
ਖੜਕ ਰਹੀ ਏ ਕੁੰਡੀ ਸ਼ਹਿਰ ਦੇ ਬੂਹੇ ਦੀ
ਜਿਹੜਾ ਬੋਲਿਆ ਉਹੋ ਕੁੰਡਾ ਖੋਲ੍ਹੇਗਾ
ਬਾਗ਼ ਦੇ ਅੰਦਰ ਤੇਜ਼ ਹਵਾ ਜਦ ਚੱਲੇਗੀ,
ਸਭ ਤੋਂ ਉੱਚਾ ਬੂਟਾ ਪਹਿਲਾਂ ਡੋਲੇਗਾ
ਉੱਚਿਆਂ ਮਹਿਲਾਂ ਵਿੱਚ ਕਹਾਣੀਆਂ ਪੈਣਗੀਆਂ
ਖੂੰਨ ਗ਼ਰੀਬਾਂ ਦਾ ਸਿਰ ਚੜ੍ਹਕੇ ਬੋਲੇਗਾ
ਕੌਣ ਸੁਣੇ ਬਿਪਤਾ ਪੰਜਤਾਲੀਆਂ ਵਰ੍ਹਿਆਂ ਦੀ
ਖਿੱਦੋ ਵਿਚੋਂ ਲੀਰਾਂ ਕੌਣ ਫਰੋਲੇਗਾ
ਸੂਰਜ ਦੀ ਲੋਅ ਵਾਂਗ ਦਿਲਾਂ ਵਿਚ ਉਤਰੇਗਾ
'ਅਕਬਰ' ਡੂੰਘੇ ਪਾਣੀਓਂ ਮੋਤੀ ਟੋਲੇਗਾ ।

ਪੁਸਤਕ ਸਮੀਖਿਆ

# ਟੁੱਟੇ ਪੱਤੇ

### ਲੇਖਕ—ਭੂਰਾ ਸਿੰਘ ਕਲੇਰ

'ਟੁੱਟੇ ਪੱਤੇ' ਭੂਰਾ ਸਿੰਘ ਕਲੇਰ ਦਾ ਦੂਜਾ ਕਹਾਣੀ ਸੰਗ੍ਰਹਿ ਹੈ। ਭੂਰਾ ਸਿੰਘ ਕਲੇਰ ਦਲਿਤ ਵਰਗ ਦਾ ਲੇਖਕ ਹੈ। ਇਹ ਆਪਣੀਆਂ ਕਹਾਣੀਆਂ ਵਿਚ ਸਮਾਜਿਕ ਤੇ ਆਰਥਕ ਪੱਖੋਂ ਲਤਾੜੇ ਹੋਏ ਲੋਕਾਂ ਦਾ ਵਰਨਣ ਕਰਦਾ ਹੈ। ਭਾਰਤ ਦਾ ਦੁਖਾਂਤ ਹੈ ਕਿ ਇਥੇ ਜਮਾਤੀ ਬਣਤਰ ਗੁੰਝਲਦਾਰ ਹੈ। ਇਥੇ ਜਿਥੇ ਆਰਥਕ ਤੌਰ ਤੇ ਗਰੀਬ ਲੋਕ ਹਨ, ਉਹਨਾਂ ਦਾ ਸੋਸ਼ਨ ਹੁੰਦਾ ਹੈ, ਉਥੇ ਉਹਨਾਂ ਨਾਲ ਜਾਤ ਬਰਾਦਰੀ ਦੇ ਅਧਾਰ ਤੇ ਵਿਤਕਰਾ ਵੀ ਹੁੰਦਾ ਹੈ। ਇਹ ਵਿਤਕਰਾ ਅਜਿਹਾ ਹੈ ਜਿਹੜਾ ਆਰਥਕ ਅਧਾਰ ਨਾ ਰਹਿਣ ਤੇ ਵੀ ਕਾਇਮ ਰਹਿੰਦਾ ਹੈ। ਕੁਝ ਲੋਕ ਇਸੇ ਵਿਤਕਰੇ ਨੂੰ ਲੈਕੇ ਜਮਾਤੀ ਸੰਘਰਸ਼ ਨੂੰ ਕੁਰਾਹੇ ਪਾਉਣ ਦਾ ਯਤਨ ਕਰਦੇ ਹਨ। ਵਿਤਕਰੇ ਦੇ ਆਰਥਕ ਅਧਾਰ ਨੂੰ ਅਖੋਂ ਪਰੋਖੇ ਕਰਕੇ 'ਵਰਣ ਵੰਡ' ਨੂੰ ਅਧਾਰ ਬਣਾਉਂਦੇ ਹਨ। ਇਸ ਤਰ੍ਹਾਂ ਇਸ ਪਰਥਾ ਦੀ ਉਮਰ ਹੋਰ ਲੰਬੀ ਕਰਦੇ ਹਨ। ਭੂਰਾ ਸਿੰਘ ਦਲੇਰ ਜਿਥੇ ਇਸ ਵਿਤਕਰੇ ਦੇ ਆਰਥਕ ਅਧਾਰ ਨੂੰ ਮੰਨਦਾ ਹੈ ਉਥੇ ਕੇਵਲ ਜਾਤ ਦੇ ਅਧਾਰ ਤੇ ਕੀਤਾ ਵਿਤਕਰਾ ਉਸ ਨੂੰ ਬਹੁਤ ਰੜਕਦਾ ਹੈ। 'ਕੌੜੇ ਪਾਣੀ' ਵਿਚ ਇਸੇ ਦਾ ਵਰਨਣ ਕਰਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਦੇਸ਼ ਵਿਚ ਗਰੀਬੀ ਬਹੁਤ ਹੈ। ਖਾਸ ਕਰਕੇ ਦਲਿਤ ਵਰਗ ਇਸ ਦੀ ਤਿੱਖੀ ਮਾਰ ਹੇਠ ਹੈ। ਪਰੰਤੂ ਇਸ ਗੁਰਬਤ ਨੂੰ ਹੋਰ ਵੀ ਡੂੰਘੇ ਰੰਗਾਂ ਵਿਚ ਚਿਤਰਨ ਦੀ ਪਰਵਿਰਤੀ ਸਾਹਿਤ ਪਖੋਂ ਦਰੁਸਤ ਨਹੀਂ ਹੈ। ਖਾਸ ਕਰਕੇ ਜਦੋਂ ਸਮਾਜਿਕ ਕਾਰਨਾਂ ਤੋਂ ਬਿਨਾਂ ਕੁਦਰਤ ਦੀ ਕਰੋਪੀ ਦਿਖਾਈ ਜਾਵੇ ਤਾਂ ਇਹ ਮਾਰੂ ਪਰਭਾਵ ਪਾਉਂਦੀ ਹੈ, ਵਿਅਕਤੀ ਸਮਾਜਿਕ ਕਾਰਨਾਂ ਵਿਰੁਧ ਲੜ ਸਕਦਾ ਹੈ, ਪਰੰਤੂ ਕੁਦਰਤ ਦੀ ਕਰੋਪੀ ਸਾਹਮਣੇ ਨਿਹੱਥਾ ਲੜ ਨਹੀਂ ਸਕਦਾ, ਹਾਰ ਜਾਂਦਾ ਹੈ। ਇਹ ਸਾਹਿਤ ਦਾ ਕਰਤੱਵ ਨਹੀਂ ਹੈ। ਭੂਰਾ ਸਿੰਘ ਵੀ ਸਮਾਜਿਕ ਕਾਰਨਾਂ ਦੇ ਨਾਲ ਹੀ ਕੁਦਰਤੀ ਕਰੋਪੀ ਦਾ ਵਰਨਣ ਕਰਦਾ ਹੈ। ਇਹ ਕੇਵਲ ਗਰੀਬੀ ਤੇ ਬੇਵਸੀ ਨੂੰ ਡੂੰਘਾ ਕਰਨ ਲਈ ਪੇਸ਼ ਕਰਦਾ ਹੈ।

ਭੂਰਾ ਸਿੰਘ ਚੇਤਨ ਤੌਰ ਤੇ ਗਰੀਬੀ ਵਿਰੁਧ ਘੋਲ ਦਾ ਮੁਦਈ ਹੈ। ਉਸ ਦੇ ਪਾਤਰ ਆਪਣੀ ਜਮਾਤ ਬਾਰੇ ਚੇਤਨ ਹਨ ਤੇ ਸੰਘਰਸ਼ ਵਿਚ ਸ਼ਾਮਲ ਹੁੰਦੇ ਹਨ। ਕਹਾਣੀ 'ਚਿੱਟਾ ਕਮੀਜ਼' ਦਾ ਨਾਇਕ ਗਿਆਨ ਚੰਦ ਇਹੋ ਕਰਦਾ ਹੈ। ਉਹ ਹੜਤਾਲ ਵਿਚ ਸ਼ਾਮਲ ਹੁੰਦਾ ਹੈ, ਭੂਰਾ ਸਿੰਘ ਮਧ ਵਰਗ ਦੇ ਜਮਾਤੀ ਚਰਿਤਰ ਦਾ ਬਹੁਤ ਸਪਸ਼ਟ ਵਰਨਣ ਕਰਦਾ ਹੈ। ਇਸ ਜਮਾਤ ਦੇ ਪਾਤਰ ਜਮਾਤੀ ਚੇਤਨਾ ਤੇ ਸੰਘਰਸ਼ ਦੀਆਂ ਮੂੰਹ ਜਬਾਨੀ ਗੱਲਾਂ ਤਾਂ ਕਰਦੇ ਹਨ। ਆਪਣੇ ਆਪ ਨੂੰ ਅੱਗੇ ਵਧੂ ਵੀ ਪੇਸ਼ ਕਰਦੇ ਹਨ, ਪਰੰਤੂ ਥੋਹੜੇ ਸਮੇਂ ਉਪਰੰਤ ਹੀ ਇਹ ਮੁਲੰਮਾ ਉੱਤਰ ਜਾਂਦਾ ਹੈ ਅਤੇ ਉਹ ਪਾਤਰ ਆਪਣੇ ਜਮਾਤੀ ਦਰਜੇ ਅਨੁਸਾਰ ਹੀ ਵਿਵਹਾਰ ਕਰਦੇ ਹਨ। 'ਕੌੜੇ ਪਾਣੀ' ਦਾ ਹਰਿੰਦਰ ਤੇ 'ਉਪਗਰਿਹ ਨਹੀਂ ਮੁੜਿਆ' ਦਾ ਰਾਜਵਿੰਦਰ ਅਜਿਹੀ ਪਾਤਰ ਹਨ। ਭੂਰਾ ਸਿੰਘ ਦੇ ਪਾਤਰ ਸਰਮਾਏਦਾਰੀ ਸਮਾਜ ਦੇ



ਭਰਿਸ਼ਟ ਢੰਗਾਂ ਤੇ ਵਿਵਹਾਰ ਨੂੰ ਵੀ ਰੱਦ ਕਰਦੇ ਹਨ। ਉਹ ਰਿਸ਼ਵਤ ਲੈਣਾ, ਲੋਕਾਂ ਦਾ ਖੂਨ ਪੀਣਾ ਸਮਝਦੇ ਹਨ। 'ਪ੍ਰੇਰਨਾ-ਸਰੋਤ' ਦਾ ਨਾਇਕ ਦਿਆਲਾ ਇਹੋ ਕੁਝ ਕਰਦਾ ਹੈ, ਉਹ ਰਿਸ਼ਵਤ ਦੇ ਵੀਹ ਰੁਪੈ ਕਬੂਲ ਨਹੀਂ ਕਰਦਾ। ਬੇਸ਼ਕ ਇਹ ਵੀਹ ਰੁਪੈ ਉਹਦੇ ਕਈ ਕੰਮ ਸਾਰ ਸਕਦੇ ਸਨ। 'ਬੇਰੁਖੀਆਂ ਹਵਾਵਾਂ' ਵਿਚ ਭੂਰਾ ਸਿੰਘ ਪਿੰਡਾਂ ਵਿਚ ਨਿਉਂਦਾ ਮਨੁਖੀ ਭਾਈਚਾਰਾ ਤੇ ਆਪਸੀ ਸਾਂਝ ਦਾ ਵਰਨਣ ਕਰਦਾ ਹੈ, ਜਿਹੜਾ ਦਿਨੋ ਦਿਨ ਹੋ ਰਹੇ ਸਰਮਾਏਦਾਰੀ ਵਿਕਾਸ ਕਾਰਨ ਖਤਮ ਹੋ ਰਿਹਾ ਹੈ. ਬੇਸ਼ਕ ਇਹ ਕੁਦਰਤੀ ਵਰਤਾਰਾ ਹੈ। ਸਰਮਾਏਦਾਰੀ ਦਾ ਵਿਕਾਸ ਹੋਣਾ ਹੈ ਅਤੇ ਜਗੀਰੂ ਰਿਸ਼ਤਿਆਂ ਤੇ ਸਬੰਧਾਂ ਨੇ ਅਵੱਸ਼ ਟੁੱਟਣਾਹੈ। ਪਰੰਤੂ ਵਿਅਕਤੀ ਲਈ ਆਪਣੇ ਆਪ ਨੂੰ ਸਮੇਂ ਅਨੁਸਾਰ ਢਾਲਣਾ ਮੁਸ਼ਕਲ ਹੁੰਦਾ ਹੈ। ਬਾਲਾ ਮੱਦੀ ਵੀ ਅਜਿਹਾ ਹੀ ਪਾਤਰ ਹੈ।

ਭੂਰਾ ਸਿੰਘ ਨੂੰ ਜਿਥੇ ਗਰੀਬੀ ਤੇ ਨਾਦਾਰੀ ਦਾ ਡੂੰਘਾ ਅਨੁਭਵ ਹੈ, ਉਥੇ ਉਹ ਚੇਤੰਨ ਹੈ ਅਤੇ ਪਰਸਥਿਤੀਆਂ ਵਿਚ ਨਿਰਾਸਤਾ ਨਹੀਂ ਉਭਾਰਦਾ ਬਲਕਿ ਉਹ ਆਸ਼ਾਵਾਦ ਦਾ ਮੁਦਈ ਹੈ। ਉਸਦੇ ਪਾਤਰ ਅਤਿ ਨੀਵਾਂ ਤੇ ਤਰਾਸਦਿਕ ਜੀਵਨ ਜਿਉਂਦੇ ਹਨ। ਪਰੰਤੂ ਉਹ ਹਾਰਦੇ ਨਹੀਂ ਬਲਕਿ ਸੁਨਹਿਰੀ ਭਵਿਖ ਲਈ ਸੰਘਰਸ਼ ਵੀ ਕਰਦੇ ਹਨ ਤੇ ਜਿੱਤ ਬਾਰੇ ਪੂਰਨ ਆਸਵੰਦ ਹਨ। ਉਹਦੀਆਂ ਕਹਾਣੀਆਂ 'ਕੁਕੜ ਬਾਕੜੀਆਂ', 'ਸੂਰਜ ਕਲ ਵੀ ਚੜੇਗਾ', ਅਜਿਹੀਆਂ ਹੀ ਕਹਾਣੀਆਂ ਹਨ।

ਭੂਰਾ ਸਿੰਘ ਕਲੇਰ ਨੇ ਨਕਸਲੀ ਲਹਿਰ ਦੇ ਪਰਭਾਵ ਥਲੇ ਲਿਖਣਾ ਆਰੰਭ ਕੀਤਾ ਹੈ, ਉਸ ਲਹਿਰ ਦੀ ਮਾਨਸਿਕਤਾ ਦਾ ਉਸ ਉਤੇ ਡੂੰਘਾ ਪਰਭਾਵ ਹੈ, ਜਿਸ ਕਾਰਨ ਇਹ ਗਰੀਬ ਤੇ ਦਲਿਤ ਪਾਤਰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ। ਉਸ ਉੱਤੇ ਬਹੁਜਨ ਸਮਾਜ ਪਾਰਟੀ ਤੇ ਹੋਰਨਾ ਜਥੇਬੰਦੀਆਂ ਦੇ ਪਰਚਾਰ ਦਾ ਵੀ ਪਰਭਾਵ ਹੈ। ਇਸ ਲਈ ਉਹ ਆਰਥਕ ਵਿਤਕਰੇ ਨਾਲ ਸਮਾਜਿਕ ਵਿਤਕਰੇ ਨੂੰ ਡੂੰਘਾ ਕਰਕੇ ਪੇਸ਼ ਕਰਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭੂਰਾ ਸਿੰਘ ਵਿਸ਼ੇ ਦੇ ਪਖੋਂ ਗਰੀਬੀ ਤੇ ਉਸ ਵਿਰੁਧ ਸੰਘਰਸ਼ ਨੂੰ ਚਿਤਰਦਾ ਹੈ। ਗਰੀਬੀ ਤੇ ਲਾਚਾਰੀ ਦਾ ਚਿਤਰਣ ਉਹਦੀਆਂ ਕਹਾਣੀਆਂ ਵਿਚ ਸਜੀਵ ਰੂਪ ਵਿਚ ਪੇਸ਼ ਹੁੰਦਾ ਹੈ। ਪਰੰਤੂ ਕਲਾਤਮਕ ਪੱਖੋਂ ਭੂਰਾ ਸਿੰਘ ਨੇ ਬਹੁਤਾ ਵਿਕਾਸ ਨਹੀਂ ਕੀਤਾ। ਉਹਦੇ ਪਾਤਰ ਅਕਿਹਰੀ ਮਾਨਸਿਕਤਾ ਤੇ ਇਕੋ ਜਿਹੀਆਂ ਪਰਸਥਿਤੀਆਂ ਵਿਚ ਵਿਚਰਦੇ ਹਨ। ਕਹਾਣੀ ਦਾ ਪਲਾਟ ਵੀ ਕੋਈ ਗੁੰਝਲਦਾਰ ਨਹੀਂ ਹੁੰਦਾ। ਇਸ ਤਰ੍ਹਾਂ ਕਹਾਣੀ ਵਿਚ ਕਲਾਮਈ ਰੌਚਕਤਾ ਨਹੀਂ ਉਪਜਦੀ, ਪੰਜਾਬੀ ਦੇ ਕਈ ਲੇਖਕਾਂ ਨੇ ਨਕਸਲੀ ਲਹਿਰ ਤੋਂ ਪਰਭਾਵਤ ਹੋ ਕੇ ਲਿਖਦਾ ਸ਼ੁਰੂ ਕੀਤਾ ਸੀ ਪਰ ਉਹ ਵਿਕਾਸ ਕਰ ਗਏ ਹਨ। ਇਸ ਸਬੰਧ ਵਿਚ ਵਰਿਆਮ ਸੰਧੂ ਦਾ ਨਾਂ ਵਰਨਣਯੋਗ ਹੈ। ਪਰੰਤੂ ਜਿਨ੍ਹਾਂ ਨੇ ਵਿਕਾਸ ਨਹੀਂ ਕੀਤਾ, ਉਹ ਖਤਮ ਹੋ ਗਏ। ਇਸ ਲਈ ਭੂਰਾ ਸਿੰਘ ਨੂੰ ਲੋੜ ਹੈ ਕਿ ਕਲਾਤਮਕ ਪਖੋਂ ਵਿਕਾਸ ਕਰਕੇ ਅਤੇ ਅਕਿਹਰੀਆਂ ਕਹਾਣੀਆਂ ਲਿਖਣ ਦੀ ਥਾਂ ਬਹੁਪਰਤੀ ਕਹਾਣੀਆਂ ਲਿਖੇ। ਇਹ ਸੰਗ੍ਰਹਿ ਛਪਾਈ ਤੇਦਿਖ ਪਖੋਂ ਸੋਹਣਾ ਹੈ। ਆਸ ਹੈ ਕਿ ਪੰਜਾਬੀ ਪਾਠਕ ਇਸ ਦਾ ਸਵਾਗਤ ਕਰਨਗੇ।

—ਸੁਰਜੀਤ ਗਿੱਲ

# 'ਕਾਮਰੇਡ ਦੇ ਆਉਣ ਤੱਕ : ਇਕ ਸਾਰਥਕ ਉਡੀਕ ਵਿਚ

ਡਾ: ਚਮਨ ਪ੍ਰਭਾਕਰ

ਚਰਨਜੀਤ ਸੋਹਲ ਪੰਜਾਬੀ ਦਾ ਨੌਜਵਾਨ ਤੇ ਉਭਰਵਾਂ ਕਵੀ ਹੈ ਤੇ ਆਪਣੇ ਪਹਿਲੇ ਕਾਵਿ ਸੰਗ੍ਰਹਿ, ਜਿਸ ਦਾ ਸੰਪਾਦਨ ਉਸ ਦੇ ਦੋਸਤ ਸੁਖਚੈਨਜੀਤ ਢਿਲੋਂ ਨੇ 1991 ਵਿਚ ਕੀਤਾ ਹੈ, ਦਾ ਸਿਰਲੇਖ ਉਸ ਨੇ ਵਗਦੀਆਂ ਹਨੇਰੀਆਂ ਦੇ ਉਲਟ ਰੱਖ ਕੇ ਮਿਹਨਤਕਸ਼ ਲੋਕਾਂ ਦਾ ਪੱਖ ਪੂਰਨ ਦੀ ਅਜਿਹੇ ਸਮਿਆਂ ਵਿਚ ਜੁਰਅਤ ਕੀਤੀ ਹੈ, ਜਦੋਂ ਇਕ ਪਾਸੇ ਮੱਧ ਵਰਗੀ ਬੌਧਿਕ ਵਰਗ ਆਪਣੀਆਂ ਕੋਠੀਆਂ-ਕਾਰਾਂ ਦੇ ਨੜ੍ਹਿਨਵੇਂ ਦੇ ਗੇੜ ਵਿਚ ਘੁੰਮਣ ਘੇਰੀਆਂ ਖਾ ਰਿਹਾ ਹੈ ਤੇ ਦੂਜੇ ਪਾਸੇ ਦੁਨੀਆਂ ਭਰ ਵਿਚ **ਕਾਮਰੇਡ ਦੇ ਜਾਣ ਦੇ** ਸੋਹਿਲੇ ਗਾਏ ਜਾ ਰਹੇ ਹਨ।

ਚਰਨਜੀਤ ਸੋਹਲ ਦੇ ਇਸ ਪਹਿਲੇ ਸੰਗ੍ਰਹਿ 'ਕਾਮਰੇਡ ਦੇ ਆਉਣ ਤੱਕ' ਵਿਚੋਂ ਉਸਦੀਆਂ ਛੋਟੀਆਂ ਵੱਡੀਆਂ 38 ਕਵਿਤਾਵਾਂ ਸੰਕਲਤ ਹਨ। ਕੁਝ ਹੱਦ ਤਕ ਸਵਰਾਜਬੀਰ ਦੀ ਸ਼ਾਇਰੀ ਤੋਂ ਪ੍ਰਭਾਵਤ ਚਰਨਜੀਤ ਦੀ ਕਾਵਿ-ਪ੍ਰਤਿਭਾ ਕੁਝ ਹੀ ਪੰਕਤੀਆਂ ਵਿਚ ਝਲਕਾਰਾ ਦੇ ਜਾਂਦੀ ਹੈ, ਜਿਵੇਂ 'ਇੰਜ' ਸਿਰਲੇਖ ਛੋਟੀ ਕਵਿਤਾ ਵਿਚ ਵਿਅੰਗ ਦੀ ਕਾਟ—

ਮੰਨਿਆ
ਮੇਰੇ ਲਫਜਾਂ ਦੀਆਂ ਛਮਕਾਂ ਤੋਂ
ਲਾਸ ਲਾਸ ਨਹੀਂ ਹੋਈਆਂ,
ਹਾਕਮਾਂ ਦੀਆਂ ਮੌਰਾਂ
ਪਰ ਇੰਜ ਤੇ ਨਾ ਆਖ
ਕਿ ਹਾਕਮਾਂ ਦਾ ਗੰਦ ਢੋਣ ਲਈ
ਬਣਾ ਲਵਾਂ ਇਨ੍ਹਾਂ ਦੀ ਟੋਕਰੀ।

ਭਾਵੇਂ ਇਸ ਕਵਿਤਾ ਦੀ ਬਿੰਬਾਵਲੀ ਕੁਝ ਹੱਦ ਤੱਕ ਅਸੁੰਦਰ ਜਾਪੇ, ਪਰ ਸਾਹਿਤ ਦੀ ਭੂਮਿਕਾ ਸੰਬੰਧੀ ਦੋਵੇਂ ਪੱਖ ਏਸ ਛੋਟੀ ਕਵਿਤਾ ਵਿਚ ਉਜਾਗਰ ਹੋ ਗਏ ਹਨ। ਸਾਹਿਤਕਾਰਾਂ ਦੇ ਲਫਜਾਂ ਦੀਆਂ ਛਮਕਾਂ ਹਾਕਮਾਂ ਦੇ ਮੌਰ ਨਹੀਂ ਤੋੜ ਸਕਦੀਆਂ, ਇਸ ਲਈ ਸਾਹਿਤਕਾਰ ਨੂੰ ਅਜਿਹੀ ਭੂਮਕਾ ਵਿਚ ਖੁਦ ਨੂੰ ਨਹੀਂ ਦੇਖਣਾ ਚਾਹੀਦਾ ਕਿ ਉਹ ਲੋਕਾਂ ਦੀ ਹੋਣੀ ਦਾ ਘਾੜਾ ਹੈ, ਹਾਂ ਹਾਕਮਾਂ ਦੀਆਂ ਮੌਰਾਂ ਤੋੜਨ ਦੇ ਸਮਰਥ ਮਿਹਨਤਕਸ਼ ਲੋਕਾਂ ਦੀ ਆਵਾਜ਼ ਉਨ੍ਹਾਂ ਦਾ ਸਹਾਈ ਉਹ ਜ਼ਰੂਰ ਆਪਣੇ ਲਫਜਾਂ ਸੰਗ ਬਣ ਸਕਦਾ ਹੈ।

ਦੂਜੇ ਬੰਨੇ, ਆਪਣੇ ਚੰਦ ਸੁਖ ਹਾਸਲ ਕਰਨ ਹਿਤ ਸਾਹਿਤਕਾਰ ਦੀ ਕਲਮ ਨੂੰ ਇੰਜ ਵੀ ਨਹੀਂ ਵਿਕਣਾ ਚਾਹੀਦਾ ਕਿ ਇਹ 'ਹਾਕਮਾਂ ਦੇ ਗੰਦ ਢੋਣ ਦੀ ਟੋਕਰੀ' ਹੀ ਬਣ ਕੇ ਰਹਿ ਜਾਵੇ। ਸਾਹਿਤਕਾਰ ਦੀ ਕਲਮ ਸੱਚ ਬਿਆਨਣ ਦੀ ਭੂਮਕਾ ਵਿਚ ਰਹਿਣੀ ਚਾਹੀਦੀ ਹੈ, ਭਾਵੇਂ ਇਹ ਸੱਚ ਕਿੰਨਾ ਵੀ ਕੌੜਾ, ਅਸਹਿਜ, ਕੁਹਜਾ ਤੇ ਅਸੁੰਦਰ ਤੇ



ਅਸੁਖਾਵਾਂ ਹੀ ਕਿਉਂ ਨਾ ਹੋਵੇ।

'ਸੱਚਾ ਸੀ ਉਹ' ਵਿਚੋਂ ਕਵੀ ਫਿਰ ਮਿਹਨਤਕਸ਼ ਲੋਕਾਈ ਦੇ ਕਦੀ ਨਾ ਝੁੱਕਣ ਵਾਲੇ ਯੋਧੇ ਦੀ ਸਿਫਤ ਵਿਚ ਕਵੀ ਆਪਣੀ ਕਲਮ ਨਾਲ ਉਸਦਾ ਸਾਥ ਦਿੰਦਾ ਹੈ।

'ਵੰਡਿਆ ਬੰਦਾ' ਸਿਰਲੇਖ ਛੋਟੀ ਕਵਿਤਾ ਵਿਚ ਕਵੀ ਜ਼ਿੰਦਗੀ ਦੀਆਂ ਗੁੰਝਲਾਂ ਨੂੰ ਯਥਾਰਥ ਦੇ ਬਹੁਪਰਤੀ ਰੂਪ ਨੂੰ ਥੋੜ੍ਹੇ ਲਫਜਾਂ ਵਿਚ ਦਾਰਸ਼ਨਿਕ ਰੰਗਣ ਦੇ ਕੇ ਬਿਆਨ ਕਰ ਦਿੰਦਾ ਹੈ। ਪੰਜਾਬ ਦੀ ਮੌਜੂਦਾ ਹਾਲਤ ਵਿਚ ਆਮ ਇਨਸਾਨ ਕਈ ਵਾਰ ਕਿਵੇਂ ਦੋ ਦੁਸ਼ਮਣਾਂ ਦੇ ਪੁੜਾਂ ਵਿਚ ਪਿਸ ਜਾਂਦਾ ਹੈ—

ਇੰਜ ਵੀ ਹੁੰਦਾ ਹੈ ਕਿ
ਟੁੱਟ ਜਾਂਦਾ ਹੈ ਬੰਦਾ
ਦੁਸ਼ਮਣੀ ਤੇ ਦੁਸ਼ਮਣੀ ਵਿਚਕਾਰ

ਪੰਜਾਬ ਦੀ ਲੋਕਾਈ ਦਾ ਇਕ ਦੁਸ਼ਮਣ ਉਸ ਨੂੰ ਦਿਨ ਵੇਲੇ ਮਾਰਦਾ ਹੈ ਤੇ ਦੂਜਾ ਰਾਤ ਵੇਲੇ।

'ਅਜੇ ਬਹੁਤ ਦੂਰ ਹਨ' ਵਿਚ ਕਵੀ ਫਿਰ ਦੁਖਾਂਤ ਵਿਚ ਘਿਰੇ ਮਨੁੱਖਾਂ ਦੀ ਵਾਰਤਾ ਘੱਟ ਲਫਜ਼ਾਂ ਵਿਚ ਮੂਰਤੀਮਾਨ ਕਰਦਾ ਹੈ ਤੇ ਕਵਿਤਾਵਾਂ ਦੇ ਦਿਨ ਹਾਲੀਂ ਦੂਰ ਹੋਣ ਦੀ ਪੀੜ ਬਿਆਨ ਕਰਦਾ ਹੈ ਕਿ ਕਵਿਤਾਵਾਂ ਦੇ ਦਿਨ ਅਜੇ ਬਹੁਤ ਦੂਰ ਹਨ।' 'ਤੈਂ ਪੰਛੀ ਰੱਖੇ ਕੁਆਰੇ' ਵਿਚ ਕਵੀ ਫਿਰ ਕੁਝ ਨਿਰਾਸ਼ਾ ਦੀ ਵਹਿਣ ਵਿਚ ਵਹਿ ਤੁਰਦਾ ਹੈ ਤੇ ਆਸ ਦਾ ਪੱਲੂ ਉਸ ਦੇ ਹੱਥੋਂ ਡਿੱਗਦਾ ਜਾਪਣ ਲਗਦਾ ਹੈ, ਭਾਵੇਂ ਕਿ ਇਹ ਉਸਦੀ ਕਵਿਤਾ ਦੀ ਭਾਰੂ ਸੁਰ ਨਹੀਂ ਹੈ।

ਕਵੀ ਦਾ ਆਸ਼ਾਵਾਦੀ ਸੁਰ ਉਸਦੀ ਨਿਰਾਸ਼ਾ ਨੂੰ ਅਗਲੀ ਹੀ ਕਵਿਤਾ ਵਿਚ ਹਰਾ ਦਿਦਾ ਹੈ ਤੇ 'ਸ਼ੁਕਰ ਹੈ' ਵਿਚ ਉਹ ਆਸ ਦਾ ਝੰਡਾ ਬੁਲੰਦ ਕਰਦਾ ਹੈ—

ਸ਼ੁਕਰ ਹੈ ਅਸੀਂ ਕਿੰਨੇ ਸਾਰੇ ਹਾਂ
ਕੋਈ ਤਾਂ ਉੱਠੇਗਾ, ਕਿ ਗਲੀਆਂ ਹੱਸਣਗੀਆਂ,
ਕਿ ਮੈਂ ਉਹਦੇ ਪਿੱਛੇ ਰੱਖ ਦਿਆਂਗਾ
ਬੱਦਲਾਂ ਦਾ ਕੋਟਲਾ
ਜਾਂ ਛੂਹ ਲਵਾਂਗਾ ਉਹਨੂੰ
ਕੱਕੇ ਵਾਲਾਂ ਵਾਲੀ ਕਾਤਰ ਜਿਹੀ ਕੁੜੀ ਨੂੰ।

ਪਰ ਪੰਜਾਬ ਦੀ ਦਿਲ ਵਿੰਨਵੀਂ ਹਾਲਤ ਕਵੀ ਨੂੰ ਹਮੇਸ਼ਾਂ ਆਸ ਦੀ ਚੜ੍ਹਤ ਵਿਚ ਰਹਿਣ ਨਹੀਂ ਦਿੰਦੀ। 'ਲਹੂ ਲੁਹਾਣ ਆਦਮੀ', 'ਚੀਕਾਂ', 'ਰੋਂਦੀਆਂ ਮਾਵਾਂ' ਉਸਦਾ ਚੈਨ ਖੋਹ ਕੇ ਉਸ ਨੂੰ ਉਦਾਸੀ ਦੇ ਘੇਰੇ ਵਿਚ ਲਿਜਾਂਦੀਆਂ ਹਨ, ਜੋ ਹਰ ਸੱਚੇ ਮਾਨਵਵਾਦੀ ਕਵੀ ਨਾਲ ਵਾਪਰਦਾ ਹਕੀਕੀ ਵਰਤਾਰਾ ਹੈ। ਅਜਿਹੀਆਂ ਹਾਲਤਾਂ ਤੇ ਉਦਾਸ ਨਾ ਹੋਣਾ, ਕਵੀਂ ਦਾ ਨਹੀਂ, ਪੱਥਰ ਦਾ ਵਰਤਾਰਾ ਹੈ ਤੇ ਜਾਂ ਸ਼ੈਤਾਨ ਦਾ'। 'ਕਿੱਥੇ', ਜਿਉਂਦੀ ਆਹ',

'ਜ਼ੰਗ' ਆਦਿ ਕਵਿਤਾਵਾਂ ਵਿਚ ਉਸਦਾ ਮਾਨਵੀ ਸੰਵੇਦਨਾ ਵਾਲਾ ਕਵੀ ਹਿਰਦਾ ਇਸੇ ਮਾਨਵੀ ਉਦਾਸੀ ਨੂੰ ਪ੍ਰਗਟਾਉਂਦਾ ਹੈ।

ਪਰ ਉਦਾਸੀ ਦੇ ਹਨੇਰਿਆਂ ਵਿਚ ਵੀ ਉਹ 'ਲੁਕੇ ਸੂਰਜਾਂ' ਦੀ ਉਡੀਕ ਤੇ ਆਸ ਨਹੀਂ ਛੱਡਦਾ—

ਮੈਂ ਤਾਂ ਮੰਗਾਂ, ਇਕ ਨੰਗਾ ਤੇ ਨਿਸੰਗ ਨੂਰ
ਸੂਰਜ, ਜੋ ਕੋਜਵਾਂ ਨੂੰ ਝਿੜਕ ਝਿੜਕ ਜੀਵੇ।
(ਲੁਕੇ ਸੂਰਜ)

'ਜੋਗੀ' ਕਵਿਤਾ ਵਿਚ ਰਿਸ਼ਤਿਆਂ ਦੇ ਦਵੰਦ ਦਾਰਸ਼ਨਕ ਤੇ ਮਨੋਵਿਗਿਆਨਕ ਪੱਧਰ ਤੇ ਚਿਤਵੇ ਗਏ ਹਨ।

ਨੌਜਵਾਨ ਪੀੜ੍ਹੀ ਦੇ ਵਧੇਰੇ ਸ਼ਾਇਰ ਇਨਕਲਾਬੀ ਕਵੀ ਪਾਸ਼ ਦੀ ਕਾਵਿ-ਚੇਤਨਾ ਤੋਂ ਪ੍ਰਭਾਵਤ ਹਨ। ਚਰਨਜੀਤ ਸੋਹਲ ਦੀ ਅੰਤਿਮ ਕਵਿਤਾ ਦਾ ਸਿਰਲੇਖ ਹੀ ਦੱਸਦਾ ਹੈ ਕਿ ਉਹ ਪਾਸ਼ ਦੀ ਪਰੰਪਰਾ ਨਾਲ ਖ਼ੁਦ ਨੂੰ ਜੋੜ ਕੇ ਮਾਣ ਮਹਿਸੂਸ ਕਰਦਾ ਹੈ। 'ਕਵਿਤਾ ਖਤਮ ਨਹੀਂ ਹੁੰਦੀ' ਸਿਰਲੇਖ ਦੀ ਸੰਗ੍ਰਹਿ ਦੀ ਅੰਤਿਮ ਕਵਿਤਾ ਵਿਚੋਂ ਕਵੀ ਸਾਰੀਆਂ ਨਿਰਾਸ਼ਾਵਾਂ, ਉਦਾਸੀਆਂ, ਦੁੱਖਾਂ ਦੇ ਆਲਮਾਂ ਦੇ ਪਾਰ ਜਾ ਕੇ ਨਵੀਂ ਸਵੇਰ ਦਾ ਰੂਪ ਇੰਜ ਦੇਖਦਾ ਹੈ—

ਜਦੋਂ ਟਾਹਣਾਂ 'ਤੇ ਲਾਸ਼ਾਂ ਨਹੀਂ ਲਟਕਣਗੀਆਂ,
ਲਹਿਰਣਗੇ ਕੁੜੀਆਂ ਦੇ ਬਸੰਤੀ ਸਾਲੂ,

ਤੇ ਇਸ ਨਵੀਂ ਸਵੇਰ ਦੀ ਉਡੀਕ ਵਿਚ ਕਵੀ ਨੂੰ 'ਕਾਮਰੇਡ ਦੇ ਆਉਣ ਤੱਕ' ਸੰਘਰਸ਼ ਕਰਦੇ ਰਹਿਣਾ, ਪ੍ਰਤੀਰੋਧ ਕਰਦੇ ਰਹਿਣ ਦੀ ਤੀਬਰ ਕਾਮਨਾ ਹੈ, ਜੋ ਉਸਦੀ ਕਾਵਿ-ਚੇਤਨਾ ਰਾਹੀਂ ਉਸਦੀ ਹਰ ਕਵਿਤਾ ਵਿਚੋਂ ਝਲਕਦੀ ਹੈ।

ਕਵੀ ਦੀ ਕਿਸੇ ਵੀ ਕਵਿਤਾ ਦਾ ਉਹ ਸਿਰਲੇਖ ਨਹੀਂ ਹੈ, ਜੋ ਉਸ ਦੇ ਕਾਵਿ-ਸੰਗ੍ਰਹਿ ਦਾ ਸਿਰਲੇਖ ਹੈ, ਇਸ ਪੱਖੋਂ ਉਸ ਦੇ ਸੰਗ੍ਰਹਿ ਦੇ ਸਿਰਲੇਖ ਦਾ ਵਿਸ਼ੇਸ਼ ਸੰਕੇਤਕ ਮਹੱਤਵ ਹੈ। ਕਵੀ ਦਾ ਇਹ ਦ੍ਰਿੜ੍ਹ ਨਿਸ਼ਚਾ ਤੇ ਅਕੀਦਾ ਜਾਪਦਾ ਹੈ ਕਿ ਜਿਸ ਹਾਲਤ ਵਿਚ ਸਾਡਾ ਸਮਾਜ, ਭਾਰਤੀ ਜਾਂ ਪੰਜਾਬੀ, ਪਹੁੰਚ ਚੁੱਕਿਆ ਹੈ, ਜਿਸ ਤਰ੍ਹਾਂ ਦੇ ਗੈਰ-ਮਨੁੱਖੀ ਵਰਤਾਰੇ ਹੋ ਰਹੇ ਹਨ, ਜਿਸ ਤਰ੍ਹਾਂ ਮਨੁੱਖਤਾ ਦਾ ਘਾਣ ਹੋ ਰਿਹਾ ਹੈ, ਜਿਸ ਢੰਗ ਨਾਲ ਖਪਤਵਾਦ, ਸੰਪਰਦਾਇਕਤਾ ਵਰਗੇ ਕੋਹੜਾਂ ਨੇ ਸਮਾਜ ਦਾ ਪਿੰਡਾ ਖੋਖਲਾ ਕਰ ਦਿਤਾ ਹੈ। ਇਨ੍ਹਾਂ ਸਾਰੀਆਂ ਬੀਮਾਰੀਆਂ ਤੋਂ ਕਰੂਰਤਾਵਾਂ ਤੋਂ, ਸਿਰਫ 'ਕਾਮਰੇਡ' ਹੀ ਆ ਕੇ ਛੁਟਕਾਰਾ ਦਿਲਾਉਣਗੇ। ਕਵੀ ਦਾ 'ਕਾਮਰੇਡਾਂ ਦਾ ਇਕੋ ਆਦਰਸ਼ ਬਿੰਬ ਹੈ—ਕਮਿਊਨਿਸਟ ਮਾਨਵਵਾਦੀ ਵਿਚਾਰਾਂ ਦਾ, ਨਾਕਿ ਕਿਸੇ ਖਾਸ ਪਾਰਟੀ, ਗਰੁੱਪ ਜਾਂ ਵਿਅਕਤੀ ਦਾ। ਕਵੀ ਨੂੰ ਸ਼ਾਇਦ ਇਹ ਵੀ ਜਾਪਦਾ ਹੈ ਕਿ ਚਿੰਨ੍ਹਾਤਮਕ ਰੂਪ ਵਿਚ 'ਕਾਮਰੇਡ' ਅਰਥਾਤ ਕਮਿਊਨਿਸਟ ਮਨੁੱਖਤਾਵਾਦੀ ਵਿਚਾਰਾਂ ਦਾ ਸਮਾਜ ਤੋਂ ਬਾਹਰ ਹੋਣਾ ਵੀ ਇਨ੍ਹਾਂ ਸਾਰੀਆਂ ਸਮਾਜੀ ਬੁਰਾਈਆਂ ਦਾ ਇਕ ਕਾਰਣ ਵੀ ਹੈ।



ਚਰਨਜੀਤ ਸੋਹਲ ਦਾ ਭਾਵੇਂ ਇਹ ਪਹਿਲਾ ਹੀ ਸੰਗ੍ਰਹਿ ਹੈ, ਫਿਰ ਵੀ ਉਸ ਦੇ ਕਾਵਿ ਵਿਚ ਕੱਚਘਰੜਤਾ ਨਹੀਂ ਹੈ। ਜਾਪਦਾ ਹੈ ਕਿ ਕਵੀ ਨੇ ਸੰਗ੍ਰਹਿ ਛਪਵਾਉਣ ਦੀ ਕਾਹਲ ਨਾ ਕਰਕੇ ਕਾਫੀ ਕਾਵਿਕ ਅਭਿਆਸ ਤੋਂ ਬਾਦ ਚੋਣਵੀਆਂ ਕਵਿਤਾਵਾਂ ਛਪਵਾਈਆਂ ਹਨ। ਜਿਸ ਲਈ ਸੰਗ੍ਰਹਿ ਦਾ ਸੰਪਾਦਕ ਸੁਖਚੈਨਜੀਤ ਢਿਲੋਂ ਵੀ ਸਿਫਤ ਦਾ ਹੱਕਦਾਰ ਹੈ।

ਪੰਜਾਬੀ ਕਵਿਤਾ ਵਿਚ ਚਰਨਜੀਤ ਸੋਹਲ ਵਰਗੇ ਦ੍ਰਿੜ੍ਹ ਮਾਨਵਵਾਦੀ ਭਾਵਾਂ ਵਾਲੇ ਕਵੀ ਦਾ ਹਾਰਦਕ ਸੁਆਗਤ ਕਰਨਾ ਬਣਦਾ ਹੈ।

III ਈ, ਬਾਰਾਂਦਰੀ ਗਾਰਡਨਜ਼, ਪਟਿਆਲਾ

## 'ਸਿਰ ਜੋਗੀ ਥਾਂ'

ਬੂਟਾ ਸਿੰਘ ਚੌਹਾਨ

'ਸਿਰ ਜੋਗੀ ਥਾਂ' ਬੂਟਾ ਸਿੰਘ ਚੌਹਾਨ ਦੀਆਂ 1983 ਤੋਂ 1990 ਦੌਰਾਨ ਰਚੀਆਂ ਗ਼ਜ਼ਲਾਂ ਦਾ ਸੰਗ੍ਰਹਿ ਹੈ, ਇਹ ਸ਼ਾਇਰ ਦੀ ਪੁਸਤਕ ਰੂਪ ਵਿਚ ਵਿਚ ਛਪੀ ਪਹਿਲੀ ਰਚਨਾ ਵੀ ਹੈ। ਬੂਟਾ ਸਿੰਘ ਚੌਹਾਨ ਨੂੰ ਪੰਜਾਬੀ ਦੇ ਦੋ ਨਾਮਵਰ ਲੇਖਕਾਂ—ਰਾਮ ਸਰੂਪ ਅਣਖੀ ਤੇ ਜਗਤਾਰ ਨੇ ਪੰਜਾਬੀ ਪਾਠਕਾਂ ਸਾਹਮਣੇ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ, ਸੰਗ੍ਰਹਿ ਵਿਚ ਸ਼ਾਇਰ ਦੀਆਂ ਕੁਝ 49 ਗ਼ਜ਼ਲਾਂ ਸ਼ਾਮਲ ਹਨ।

ਗ਼ਜ਼ਲ ਦੇ ਰੂਪ ਬਾਰ ਤਾਂ ਮੇਰੇ ਲਈ ਕੁੱਝ ਕਹਿਣਾ ਸੰਭਵ ਨਹੀਂ ਤੇ ਜੇ ਜਗਤਾਰ ਵਰਗੇ ਗ਼ਜ਼ਲ ਦੇ ਮਾਹਰ ਨੇ ਰੂਪਕ ਪੱਖ ਤੋਂ ਬੂਟਾ ਸਿੰਘ ਚੌਹਾਨ ਦੀ ਸ਼ਲਾਘਾ ਕੀਤੀ ਹੈ ਤਾਂ ਉਸਦੀ ਗਵਾਹੀ ਨਾਲ ਹੀ ਚੌਹਾਨ ਦੀ ਗ਼ਜ਼ਲ ਦੇ ਰੂਪਕ ਪੱਖ ਬਾਰੇ ਤਸੱਲੀ ਪ੍ਰਗਟਾਈ ਜਾ ਸਕਦੀ ਹੈ। ਹਾਂ, ਵਿਸ਼ੇ-ਵਸਤੂ ਬਾਰੇ ਜ਼ਰੂਰ ਇਥੇ ਗੱਲ ਕੀਤੀ ਜਾ ਸਕਦੀ ਹੈ, ਖਾਸ ਕਰ ਇਸ ਪ੍ਰਸੰਗ ਵਿਚ, ਜਦ ਗ਼ਜ਼ਲ ਦੇ ਵਿਸ਼ੇ-ਵਸਤੂ ਨੂੰ ਉਰਦੂ ਦੇ ਪਰੰਪਰਕ ਸ਼ਾਇਰਾਂ ਵਲੋਂ ਕਾਫੀ ਸੀਮਤ ਰੱਖਿਆਤੇ ਸਮਝਿਆ ਜਾਂਦਾ ਰਿਹਾ ਹੈ, ਹਾਲਾਂ ਕਿ ਗਾਲਿਬ, ਮੀਰ, ਫ਼ੈਜ਼ ਵਰਗੇ ਸ਼ਾਇਰਾਂ ਨੇ ਗ਼ਜ਼ਲ ਦੇ ਘੇਰੇ ਵਿਚ ਰਹਿ ਕੇ ਵੀ ਵਿਸ਼ੇ-ਵਸਤੂ ਦੀਆਂ ਅਮਰ ਬੁਲੰਦੀਆਂ ਉਰਦੂ ਵਿਚ ਛੋਹੀਆਂ ਹਨ।

ਹਿੰਦੀ ਵਿਚ ਦੁਸ਼ਿਅੰਤ ਕੁਮਾਰ, ਪੰਜਾਬੀ ਵਿਚ ਸੁਰਜੀਤ ਪਾਤਰ, ਜਗਤਾਰ ਆਦਿ ਸ਼ਾਇਰਾਂ ਨੇ ਗ਼ਜ਼ਲ ਨੂੰ ਵਿਸ਼ੇ ਦੇ ਖੇਤਰ ਵਿਚ ਬੁਲੰਦੀ ਦਾ ਅਹਿਸਾਸ ਕਰਾਇਆ ਤੇ ਇਸ ਅਰਥ ਵਿਚ ਬੂਟਾ ਸਿੰਘ ਚੌਹਾਨ ਨੇ ਵੀ ਗ਼ਜ਼ਲ ਨੂੰ ਰੁਮਾਂਟਕ ਸ਼ਾਇਰੀ ਦੇ ਸੀਮਤ ਅਰਥਾਂ ਵਿਚ ਗ੍ਰਹਿਣ ਨਾ ਕਰਕੇ ਸੁਰਜੀਤ ਪਾਤਰ, ਦੁਸ਼ਿਅੰਤ ਕੁਮਾਰ ਆਦਿ ਦੀ ਪਰੰਪਰਾ ਵਿਚ ਸਵੀਕਾਰ ਕੀਤਾ ਹੈ ਤੇ ਜੀਵਨ ਦੇ ਸੰਘਰਸ਼ਾਂ ਨੂੰ ਇਸ ਵਿਚ ਬਿਆਨ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਸ਼ਾਇਰ ਨੇ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਬਾਰੇ ਰੁਮਾਨੀ ਨਜ਼ਰੀਆ ਨਾ ਅਪਣਾ ਕੇ ਉਨ੍ਹਾਂ ਦੀ ਤਲਖ਼ੀ ਨੂੰ ਆਪਣੇ ਸ਼ਿਅਰਾਂ ਵਿਚ ਉਜਾਗਰ ਕੀਤਾ ਹੈ :—

ਕਦੇ ਲੋਆਂ ਦੀ ਜੇ ਭੂੰ ਗੱਲ ਕੀਤੀ
ਕਰੀਂ ਲੋਆਂ ਨੂੰ ਪਿੰਡੇ ਤੇ ਹੰਢਾ ਕੇ

ਇਸੇ ਗ਼ਜ਼ਲ ਵਿਚ ਸ਼ਾਇਰ ਨੇ ਜ਼ਿੰਦਗੀ ਤੇ ਸਾਹਿਤ ਦੋਵਾਂ ਵਿਚ ਅਨੁਭਵ ਦੀ ਮਹੱਤਤਾ ਨੂੰ ਗੰਭੀਰਤਾ ਨਾਲ ਲਿਆ ਤੇ ਸਮਝਿਆ ਹੈ :—

ਸਲੀਕਾ, ਸ਼ਾਇਰੀ ਤੇ ਸੂਝ, ਜੀਣਾ
ਇਹ ਚਾਰੇ ਅਕਸਰ ਆਉਣ ਵਕਤ ਪਾ ਕੇ।

ਸ਼ਾਇਰ ਦਾ ਨਜ਼ਰੀਆ ਮਿਹਨਤਕਸ਼ਾਂ ਦੇ ਹੱਕਾਂ ਦੀ ਪੂਰਤੀ ਦੀ ਪ੍ਰੇਰਣਾ ਦੇਣ ਵਾਲਾ ਹੈ ਤੇ ਮਜ਼ਹਬ ਦੇ ਖਾਸੇ ਵਿਚ ਮਿਹਨਤਕਸ਼ ਵਿਰੋਧ ਦੀ ਸੰਭਾਵਨਾ ਦਾ ਸੰਕੇਤ ਵੀ ਦਿੰਦਾ ਹੈ :—

ਜਿਸ ਥਾਂ ਤੇ ਵੀ ਕਿਰਤ ਦਾ ਹੋਵੇ ਹਰ ਪਲ ਛਿਣ ਅਪਮਾਨ
ਓਥੇ ਵੱਡੀ ਗੱਲ ਨਈਂ ਹੋਣਾ ਮਜ਼ਹਬ ਦਾ ਸਨਮਾਨ

ਸ਼ਾਇਰ ਸੌਖੇ ਸੁਪਨੇ ਦੇਖਣ ਵਿਚ ਯਕੀਨ ਨਹੀਂ ਕਰਦਾ ਤੇ ਜੀਣ ਲਈ ਸਖ਼ਤ ਮੁਸ਼ੱਕਤ ਦੀ ਹਕੀਕਤ ਬਿਆਨਦਾ ਹੈ :—

ਫੇਰ ਪਤਾ ਲੱਗੇਗਾ ਤੈਨੂੰ ਜਿਉਣਾ ਸੱਚ ਕਿ ਝੂਠ
ਤੇਜ਼ ਤੂਫਾਨ 'ਚ ਪਰਬਤ ਵਾਂਗੂੰ ਖੜ ਕੇ ਦੇਖ ਅਡੋਲ

ਸ਼ਾਇਰ ਦੀ ਲਿਖਣ ਪ੍ਰੇਰਨਾ ਇਨਸਾਨੀ ਜਜ਼ਬਾਤ ਹਨ ਤੇ ਜੀਵਨ ਵਿਚ ਮੁਹੱਬਤ ਦੀ ਤਲਾਸ਼ ਉਸਦੇ ਸ਼ਿਅਰਾਂ ਵਿਚ ਥਾਂ-ਥਾਂ ਝਲਕਦੀ ਹੈ :—

ਕਦ ਕੁ ਤੱਕ ਚਲੇਗਾ ਏਹੋ ਸਿਲਸਿਲਾ
ਮੋਹ ਦੀ ਇਕ ਇਕ ਬੂੰਦ ਖਾਤਰ ਤਰਸਣਾ

ਪੰਜਾਬ ਦੀਆਂ ਅਜੋਕੀਆਂ ਹਾਲਤਾਂ ਦੇ ਸਹਿਮ ਦਾ ਝਲਕਾਰਾ ਵੀ ਸ਼ਾਇਰ ਦੇ ਸ਼ਿਅਰਾਂ ਵਿਚੋਂ ਝਲਕ ਆਉਂਦਾ ਹੈ :—

ਇਕ ਹਾਦਸੇ ਦੇ ਪਿਛੋਂ, ਕਿੰਨੇ ਹੀ ਹੋਰ ਹੋਏ
ਦਿਲ ਸ਼ਰਮਿੰਦਾ ਹੈ ਹੁਣ ਜੇ ਪੱਤਾ ਵੀ ਕੋਈ ਝੜਦਾ

ਪਰ ਸਹਿਮ ਦੇ ਝਲਕਾਰੇ ਦੇ ਬਾਵਜੂਦ ਸ਼ਾਇਰ ਅਮਨ ਦਾ ਪੱਲਾ ਨਹੀਂ ਛੱਡਦਾ ਤੇ ਇਨਸਾਨ ਦੀ ਸੁੱਖ ਮੰਗਦਾ ਹੈ :—

ਹਰਿਕ ਦੀ ਜ਼ਿੰਦਗੀ ਵਿਚ ਹੈ ਜ਼ਰੂਰੀ
ਮਹਿਕ ਦਾ, ਨੂਰ ਦਾ ਤੇ ਛਾਂ ਦਾ ਹੋਣਾ

ਸ਼ਾਇਰ ਦਾ ਅਕੀਦਾ ਬੜਾ ਦ੍ਰਿੜ ਜਾਪਦਾ ਹੈ, ਜਦ ਉਹ ਇਹ ਕਹਿੰਦਾ ਹੈ :—

ਜੋ ਆਖਣ ਲਈ ਆਇਆ, ਕਹਿ ਕੇ ਜਾਵਾਂਗਾ,
ਜੋ ਵੀ ਹੋਣੈਂ ਹੋ ਜਾਵੇ ਅੰਜਾਮ ਨਹੀਂ।



ਅੱਜ ਪੰਜਾਬ ਵਿਚ ਸ਼ਾਇਰਾਂ, ਲੇਖਕਾਂ ਤੋਂ ਇਸੇ ਅਕੀਦੇ ਦੀ ਲੋਕਾਈ ਦੀ ਮੰਗ ਹੈ। ਸੁਮੀਤ, ਪਾਸ਼, ਰਵਿੰਦਰ ਰਵੀ, ਸੁਖਦੇਵ ਪ੍ਰੀਤ ਵਰਗਿਆਂ ਆਖਣ ਦੀ ਜੁਰਅੱਤ ਕਰਕੇ 'ਅੰਜਾਮ' ਹਾਸਲ ਕੀਤਾ ਹੈ, ਪਰ ਉਸ ਅੰਜਾਮ ਨੇ ਹੀ ਹਾਲੀਂ ਤੀਕ ਪੰਜਾਬ/ਪੰਜਾਬੀਆਂ ਦੀ ਸ਼ਾਨ ਬਚਾ ਰੱਖੀ ਹੈ। ਜਿਸ ਦਿਨ 'ਅੰਜਾਮ' ਦੇ ਤ੍ਰਹਿ ਦਾ ਅਸਰ 'ਆਖਣ' ਤੇ ਹੋ ਗਿਆ, ਉਸ ਦਿਨ ਇਹ ਸ਼ਾਨ ਮਿੱਟੀ ਵਿਚ ਰੁਲ ਜਾਵੇਗੀ।

ਬੂਟਾ ਸਿੰਘ ਚੌਹਾਨ ਇਸ ਸ਼ਾਨ ਨੂੰ ਮਿੱਟੀ 'ਚ ਰੋਲਣ ਵਾਇਆਂ ਵਿਚੋਂ ਨਹੀਂ ਹੋਵੇਗਾ, ਇਸ ਆਸ ਨਾਲ ਉਸ ਦਾ ਪੰਜਾਬੀ ਸ਼ਾਇਰੀ ਵਿਚ ਸਵਾਗਤ ਹੈ।

## ਕਰੂਰ ਯਥਾਰਥ ਦੀਆਂ ਕਹਾਣੀਆਂ—"ਕੁਆਰ ਗੰਦਲ"

(ਸਵਰਨ ਚੰਦਨ)

ਸਵਰਨ ਚੰਦਨ, ਪੰਜਾਬੀ ਦਾ ਉਹ ਪਰਵਾਸੀ ਲੇਖਕ ਹੈ, ਜਿਸਨੇ ਪੰਜਾਬੀ ਕਹਾਣੀ ਨੂੰ, ਪੰਜਾਬ ਦੇ ਪਿੰਡਾਂ ਦੀ ਮਸੂਮੀਅਤ ਤੋਂ ਲੈ ਕੇ ਵਿਦੇਸ਼ਾਂ ਵਿਚ ਵਸਦੇ, ਭਾਰਤੀ/ਪੰਜਾਬੀ ਲੋਕਾਂ ਦੀਆਂ ਵਿਭਿੰਨ ਸਮੱਸਿਆਵਾਂ ਨਾਲ ਅਮੀਰ ਕੀਤਾ ਹੈ। ਭਾਵੇਂ ਆਲੋਚਕਾਂ ਨੇ ਪੰਜਾਬ ਤੋਂ ਬਾਹਰ ਵਸਦੇ ਲੇਖਕਾਂ ਦੀਆਂ ਰਚਨਾਵਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ, ਪਰ ਜੇ ਅਸੀਂ ਸੁਹਿਰਦਤਾ ਨਾਲ ਸਮੁੱਚੀ ਪੰਜਾਬੀ ਕਹਾਣੀ ਜਾਂ ਗਲਪ ਦਾ ਲੇਖਾ ਜੋਖਾ ਕਰਨਾ ਹੋਵੇ ਤਾਂ ਕੁਝ ਮਾਨਯੋਗ ਨਾਵਾਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਰਘਬੀਰ ਢੰਡ ਅਤੇ ਸਵਰਨ ਚੰਦਨ ਅਜਿਹੇ ਨਾਵਾਂ ਵਿਚੋਂ ਹੀ ਆਪਣੀ ਵੱਖਰੀ ਪਹਿਚਾਣ ਰੱਖਦੇ ਹਨ।

ਸਵਰਨ ਚੰਦਨ ਨੇ, ਪੰਜਾਬੀ ਕਹਾਣੀ ਨੂੰ ਵਿਸ਼ਿਆਂ ਦੀ ਵੰਨ-ਸੁਵੰਨਤਾ ਨਾਲ ਅਮੀਰ ਤਾਂ ਕੀਤਾ ਹੀ ਹੈ, ਉਸ ਤੋਂ ਵੀ ਵਧੇਰੇ ਉਸਨੇ ਪੰਜਾਬੀ ਪਾਠਕਾਂ ਦੀ, ਅੰਤਰ-ਰਾਸ਼ਟਰੀ ਪਾਤਰਾਂ ਨਾਲ ਸਾਂਝ ਪੁਆਈ ਹੈ। ਇਉਂ ਉਸਨੇ ਪਾਠਕਾਂ ਦੀ ਸੋਚ-ਸੀਮਾ ਦੇ ਘੇਰੇ ਨੂੰ ਵਿਸ਼ਾਲ ਕੀਤਾ ਹੈ।

'ਕੁਆਰ ਗੰਦਲ' ਉਸਦਾ ਪੰਜਵਾਂ ਕਹਾਣੀ ਸੰਗ੍ਰਹਿ ਹੈ। ਇਹਨਾਂ ਕਹਾਣੀਆਂ ਵਿਚ ਉਸਨੇ ਪ੍ਰੋੜ ਸੂਝ-ਬੂਝ ਤੇ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਕੀਤਾ ਹੈ। ਬਹੁਤੀਆਂ ਕਹਾਣੀਆਂ ਵਿਚ ਉਸਨੇ ਵਿਅੰਗਆਤਮਕ ਪ੍ਰਗਟਾ ਵਿਧੀ ਦਾ ਪ੍ਰਯੋਗ ਕੀਤ ਹੈ। ਇਹ ਵਿਧੀ ਘਟਨਾ ਨੂੰ ਅਤੇ ਕਹਾਣੀ ਨੂੰ ਹੋਰ ਡੂੰਘੇਰੇ ਅਰਥ ਪ੍ਰਦਾਨ ਕਰਦੀ ਹੈ।

"ਮਾਈ ਭਾਗੋ", ਪੰਜਾਬ ਦੇ ਸੰਤਾਪ ਵਿਚ ਵਿਚਰ ਰਹੇ ਪਾਤਰਾਂ ਦੀ ਕਹਾਣੀ ਹੈ। ਇਹ ਕਹਾਣੀ ਚੰਦਨ ਦੀ ਕਲਾ-ਕੌਸ਼ਲਤਾ ਦਾ ਸਿਖਰ ਹੈ। ਕਹਾਣੀ ਦੇ ਅੰਤਲੇ ਸ਼ਬਦਾਂ ਨਾਲ ਪਾਠਕ ਤਾਂ ਚਕਾ ਚੌਂਧ ਹੁੰਦਾ ਹੀ ਹੈ, ਕਹਾਣੀ ਨੂੰ ਵੀ ਨਵੇਂ ਅਰਥ ਮਿਲਦੇ ਹਨ।

'ਨਾ ਹੀ ਕਿਤੇ ਗੁਰੂ ਸੀ—ਤੇ ਨਾ ਹੀ ਮਹਾਂ ਸਿੰਘ......।'

ਅੱਜ ਦੇ ਵੇਲੇ ਦੇ ਕਰੂਰ ਸੱਚ ਨੂੰ ਬਿਆਨਦੇ ਹਨ। ਇਹ ਸੱਚ ਲੇਖਕ ਦੇ ਅੰਦਰਲਾ ਸੱਚ ਵੀ ਹੈ ਤੇ ਇਹ ਸੱਚ ਲਿਖਣ ਲਈ ਦਲੇਰੀ ਚਾਹੀਦੀ ਹੈ।

'ਹਵਾ', ਕਹਾਣੀ ਚੰਦਨ ਦੀ ਰਾਜਸੀ ਸੂਝ-ਬੂਝ ਦੀ ਲਿਖਾਇਕ ਹੈ। ਮਨੁੱਖ ਦੇ

ਮਨ ਅੰਦਰਲੀ ਘੁੱਟਣ ਪਾਰਟੀ ਦੇ ਰਵੱਈਏ ਤੇ ਅਨੁਸ਼ਾਸਨ ਦਾ ਬੜੇ ਕਲਾਤਮਕ ਢੰਗ ਨਾਲ ਬਿਆਨ ਕੀਤਾ ਹੈ। ਖੁਲ੍ਹ ਤਾਂ ਚਾਹੀਦੀ ਹੈ, ਪਰ ਸੰਜਮ ਵਿਚ :—

'ਬਰਖੁਰਦਾਰ ਬੂਹੇ ਬਾਰੀਆਂ ਜ਼ਰੂਰ ਖੋਹਲੋ, ਪਰ ਏਦਾਂ ਨਹੀਂ ਕਿ ਘਰ ਦੀ ਛੱਤ ਹੀ ਸਿਰ ਤੇ ਆ ਪਵੇ—।'

ਕਹਾਣੀ ਵਿਚ ਆਏ ਨਿੱਕੇ-ਨਿੱਕੇ ਖ਼ੂਬਸੂਰਤ ਵੇਰਵੇ ਪਾਠਕ ਨੂੰ ਆਪਣੇ ਨਾਲ ਤੋਰੀ ਰੱਖਦੇ ਹਨ, ਤੇ ਕਹਾਣੀ ਦੀ ਰੌਚਿਕਤਾ ਵਿਚ ਵਾਧਾ ਕਰਦੇ ਹਨ।

"ਡੀਰੇਲ" ਕਹਾਣੀ ਭਾਰਤ ਦੀ ਰਾਜਸੀ ਤੇ ਸਮਾਜਿਕ ਵਿਵਸਥਾ ਤੇ ਇਕ ਕਰੜਾ ਵਿਅੰਗ ਹੈ। ਵਿਡੰਬਨਾ ਇਹ ਵੀ ਹੈ ਇਕ ਲੇਖਕ ਜਿਸ ਨੂੰ ਚੇਤੰਨ ਅਤੇ ਸੁਚੇਤ ਹੋਣਾ ਚਾਹੀਦਾ ਹੈ, ਉਹ ਵੀ ਹਰ ਉਥਲ-ਪੁਥਲ ਤੋਂ ਅੱਖਾਂ ਬੰਦ ਕਰੀ ਦੇਸ਼ ਭਗਤੀ ਦੀ ਪੱਟੀ ਗਲ ਵਿਚ ਲਟਕਾਈ ਫਿਰਦਾ ਹੈ।

ਭਾਵੇਂ, ਪੂੰਜੀਵਾਦੀ ਮੁਲਕਾਂ ਵਿਚ, ਮੋਹ ਪਿਆਰ......ਭਾਵਾਨਤਮਕ ਸਾਂਝਾਂ ਵਾਲੀ ਕਿਸੇ ਵਸਤੂ ਦਾ ਮੁੱਲ ਨਹੀਂ ਹੈ, ਫਿਰ ਵੀ ਚੰਦਨ ਨੇ ਕਿਤੇ ਤਾਂ ਮੋਹ ਦੀ ਤੰਦ ਜੋੜੀ ਰੱਖੀ ਹੈ। ਚਾਹੇ ਅਚੇਤ ਹੀ 'ਆਲ੍ਹਣੇ' ਕਹਾਣੀ ਦੀ ਪਾਤਰ ਸਹਿਜ ਸੁਭਾ ਕਹਿ ਉਠਦੀ ਹੈ, 'ਆਲ੍ਹਣਾ ਢਾਹਵਾਂਗੇ ਵਿਚਾਰੀਆਂ ਚਿੜੀਆਂ ਦਾ, ਕੀ ਫਾਇਦਾ ਹੋਊ ਇਹਦਾ ?' ਇਹ ਕਥਨ ਵੀ ਉਸ ਜਮਾਤ ਦੇ ਹੱਕ ਵਿਚ ਭੁਗਤਦਾ ਹੈ, ਜਿਹੜੀ ਹਰ ਕਾਰਜ ਪਿਛੇ ਆਪਣਾ ਨਫ਼ਾ ਨੁਕਸਾਨ ਸੋਚਦੀ ਹੈ।

ਉੱਚ ਵਰਗ ਦੇ ਦਿਖਾਵੇ ਤੇ ਦੰਭਾਂ ਦੀ ਕਹਾਣੀ ਹੈ 'ਸਲੀਕਾ'। ਜਿਥੇ ਚੰਦਨ ਨੇ ਇਸ ਕਹਾਣੀ ਵਿਚ ਇਹਨਾਂ ਖਾਸ ਲੋਕਾਂ ਪ੍ਰਤੀ ਘ੍ਰਿਣਾ ਤੇ ਨਫ਼ਰਤ ਦਿਖਾਈ ਹੈ, ਉਥੇ 'ਭਰੋਸਾ' ਵਿਚ ਇਕ ਬੂਟ ਪਾਲਿਸ਼ ਵਾਲੇ ਗਰੀਬ ਲੜਕੇ ਦੀ ਕਰੁਣਾ ਮਈ ਗਾਥਾ ਹੈ। ਇਸ ਕਹਾਣੀ ਵਿਚ ਸਪਸ਼ਟ ਹੁੰਦਾ ਹੈ, ਲੇਖਕ ਦੀ ਹਮਦਰਦੀ ਕਿਹੜੀ ਧਿਰ ਨਾਲ ਹੈ।

ਭਾਵੇਂ "ਅੱਖ" ਕਹਾਣੀ ਵਿਚ ਕਲਾ ਨਾਲੋਂ ਵਿਵੇਕ ਭਾਰੂ ਹੈ, ਇਹ ਵੀ ਇਸ ਕਹਾਣੀ ਵਿਚ ਇਕ ਵਿਕਸਤ ਦੇਸ਼ ਅੰਦਰ ਉੱਥੇ ਦੇ ਸਮਾਜਕ ਵਰਤਾਰੇ ਦੀ ਝਲਕ ਮਿਲਦੀ ਹੈ।

'ਮੇਰੇ ਪਿਆਰੇ ਮੁਲਕ ਯਾਨੀ ਹਿੰਦੁਸਤਾਨ ਵਿਚ ਤਾਂ, ਪੰਗੇ ਵੀ ਰਾਹ-ਰਾਹ ਹਰ ਮੋੜ ਤੇ ਟੱਕਰਦੇ ਹਨ—ਜਿਵੇਂ......।'

'ਕੁਆਰ ਗੰਦਲ' ਹਕੂਮਤ ਕਰਨ ਵਾਲੀ ਧਿਰ ਦੀ ਜ਼ਹਿਨੀਅਤ ਦਾ ਪ੍ਰਗਟਾ ਹੈ। ਚੰਦਨ ਨੇ ਕੁਆਰ ਗੰਦਲ ਦਾ ਪ੍ਰਤੀਕ ਬੜੀ ਖ਼ੂਬਸੂਰਤੀ ਨਾਲ ਵਰਤਿਆ ਹੈ। ਕਹਾਣੀ ਵਿਚ ਕਈ ਵਾਰਤਾਲਾਪ ਅਟੱਲ ਸਚਾਈਆਂ ਹੋ ਨਿਬੜੇ ਹਨ।......'ਵਿਹਲੀ ਬੈਠੀ ਮੁੰਡੀਰ ਕੀ ਕਰੂ ? ਲੁੱਟਮਾਰ ਈ ਕਰੂ ਕਿ ਨਹੀਂ ?'

ਇਨ੍ਹਾਂ ਕਹਾਣੀਆਂ ਵਿਚ, ਚੰਦਨ ਦੀ ਕਹਾਣੀ ਕਲਾ ਹੋਰ ਨਿੱਖਰੀ ਹੈ। ਉਹ ਕਹਾਣੀਆਂ ਵਿਚ ਪ੍ਰਾਪਤ ਯਥਾਰਥ ਨੂੰ ਬੇਬਾਕੀ ਨਾਲ ਬਿਆਨਦਾ ਹੈ। ਇਹ ਕਹਾਣੀਆਂ



ਉਸਦੇ ਆਪਣੇ ਅਨੁਭਵ ਵਿਚੋਂ ਨਿਕਲੀਆਂ ਹਨ। ਵਿਦੇਸ਼ਾਂ ਵਿਚ ਜਾਣ ਦੀ ਭੁੱਖ ਕਾਰਨ ਮਨੁੱਖੀ ਕਦਰਾਂ-ਕੀਮਤਾਂ ਕਿਸ ਹੱਦ ਤੱਕ ਗਿਰ ਗਈਆਂ ਹਨ ? ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਦੇ ਆਪਣੀ ਮਿੱਟੀ ਪ੍ਰਤੀ, ਆਪਣੇ ਲੋਕਾਂ ਪ੍ਰਤੀ ਹੇਰਵਿਆਂ ਦੀਆਂ ਕਹਾਣੀਆਂ ਹਨ ਇਹ। ਇਹਨਾਂ ਕਹਾਣੀਆਂ ਰਾਹੀਂ, ਚੰਦਨ ਸਾਨੂੰ ਵਿਕਸਤ ਦੇਸ਼ਾਂ ਦੇ ਅਰਥਚਾਰੇ ਦੀ ਅਤੇ ਸਮਾਜਕ ਵਰਤਾਰੇ ਦੀ ਸੋਝੀ ਕਰਾਉਂਦਾ ਹੈ।

ਭਾਵੇਂ ਚੰਦਨ ਦੀਆਂ ਕੁਝ ਕਹਾਣੀਆਂ ਫੈਂਟਸੀ ਦੇ ਦਾਇਰੇ ਵਿਚ ਵੀ ਨਹੀਂ ਆਉਂਦੀਆਂ। ਉਹਨਾਂ ਉਤੇ ਐਬਸਰਡ ਹੋਣ ਦਾ ਦੂਸ਼ਨ ਵੀ ਨਹੀਂ ਲਗਦਾ, ਇਹ ਵੀ, 'ਜਾਦੂਗਰ', 'ਅੱਖ', ਵਰਗੀਆਂ ਕਹਾਣੀਆਂ, ਉਲਝਣਾਂ ਭਰੇ ਹੇਰਵਿਆਂ ਵਿਚੋਂ ਲੰਘਦੀਆਂ ਅੰਤ ਵੱਲ ਵਧਦੀਆਂ ਹਨ।

ਸਮੁੱਚੇ ਰੂਪ ਵਿਚ, ਚੰਦਨ ਨੇ "ਕੁਆਰ ਗੰਦਲ" ਕਹਾਣੀ ਸੰਗ੍ਰਹਿ ਰਾਹੀਂ ਆਪਣੀ ਕਲਾ ਦਾ ਸਿੱਕਾ ਜਮਾਇਆ ਹੈ। ਇਹ ਸੰਗ੍ਰਹਿ, ਗੰਭੀਰ ਤੇ ਸੂਝਵਾਨ ਪਾਠਕਾਂ ਨੂੰ ਪਸੰਦ ਆਵੇਗਾ, ਤੇ ਪੰਜਾਬੀ ਕਹਾਣੀ ਵਿਚ ਨਿੱਗਰ ਵਾਧਾ ਕਰੇਗਾ, ਇਹ ਮੇਰੀ ਆਸ ਹੈ।

—ਬਲਦੇਵ ਸਿੰਘ

## **ਲਕੀਰਾਂ** (ਕਾਵਿ-ਸੰਗ੍ਰਹਿ)

ਸੰਧੂ ਵਰਿਆਟਵੀ

ਸੰਧੂ ਵਰਿਆਣਵੀ ਜ਼ਬਤਬੰਦ ਸਾਹਿਤਕ ਸਰਗਰਮੀਆਂ ਦੀ ਉਪਜ ਹੈ। ਉਹ ਪੰਜਾਬ ਦੀਆਂ ਜੀਉਂਦੀਆਂ ਜਾਗਦੀਆਂ ਸਾਹਿਤ ਸਭਾਵਾਂ ਵਿਚੋਂ ਇਕ—ਨਵਜੋਤ ਸੰਸਥਾ ਔੜ ਦਾ ਮੁੱਖ ਸਕੱਤਰ ਹੈ। ਉਹ ਮਿਹਨਤੀ ਹੈ ਅਤੇ ਉਸ ਦੇ ਮਨ-ਮਸਤਕ ਵਿਚੋਂ ਕੁਝ ਚੰਗੇਰਾ ਕਰਨ ਦੀ ਪ੍ਰਬਲ ਇੱਛਾ ਹੈ। ਉਸ ਨੂੰ ਕਵਿਤਾ ਉੱਪਰੋਂ ਨਹੀਂ ਉੱਤਰਦੀ, ਸਗੋਂ ਕਠਿਨ ਜੀਵਨ ਵਿਚ ਨਿਰੰਤਰ ਅਭਿਆਸ ਦੇ ਲਾਜ਼ਮੀ ਪ੍ਰਤੀਫਲ ਵਜੋਂ ਉਪਜਦੀ ਹੈ। 'ਲਕੀਰਾਂ' ਉਸ ਦਾ ਪ੍ਰਥਮ ਕਾਵਿ-ਸੰਗ੍ਰਹਿ ਹੈ। ਇਸ ਵਿਚ 38 ਨਜ਼ਮਾਂ ਅਤੇ 14 ਗ਼ਜ਼ਲਾਂ ਸ਼ਾਮਲ ਹਨ। ਪਾਠਕਾਂ ਨੂੰ ਸਸਤੀਆਂ ਪੁਸਤਕਾਂ ਦੇਣ ਦੀ ਦ੍ਰਿਸ਼ਟੀ ਨਾਲ ਪੁਸਤਕ ਨੂੰ ਪੇਪਰ ਬੈਕ ਵਿਚ ਰੀਲੀਜ਼ ਕੀਤਾ ਗਿਆ ਹੈ। ਇਹ ਕਾਵਿ-ਸੰਗ੍ਰਹਿ ਉਨ੍ਹਾਂ ਲਕੀਰਾਂ ਦੇ ਵਿਰੁੱਧ ਕਲਾਤਮਕ ਪ੍ਰਤੀਕਰਮ ਹੈ ਜਿਹੜੀਆਂ ਆਮ ਲੋਕਾਂ ਦੇ ਦਿਲਾਂ ਵਿਚ ਜ਼ਾਤਾਂ, ਧਰਮਾਂ, ਪ੍ਰਾਂਤਾਂ ਅਤੇ ਦੇਸ਼ਾਂ ਆਦਿ ਦੀਆਂ ਭਿੰਨਤਾਵਾਂ ਖੜਾ ਕਰ ਦਿੰਦੀਆਂ ਹਨ। ਇਸੇ ਲਈ ਸੰਧੂ ਇਸ ਪੁਸਤਕ ਨੂੰ ਉਸ ਹਵਾ (ਸੋਚ, ਦਰਸ਼ਨ ਤੇ ਵਿਚਾਰਧਾਰਾ) ਦੇ ਨਾਂ ਸਮਰਪਤ ਕਰਦਾ ਹੈ ਜਿਹੜੀ ਇਨ੍ਹਾਂ ਲਕੀਰਾਂ ਨੂੰ ਮਿਟਾਉਣ ਲਈ ਯਤਨਸ਼ੀਲ ਹੈ।

ਲਕੀਰਾਂ ਵਿਚ ਉਹ ਮੁੱਖ ਰੂਪ ਵਿਚ ਕੌੜੇ ਕੁਸੈਲੇ ਨਿੱਜੀ ਅਨੁਭਵ ਅਤੇ ਸਾਮਿਅਕ ਘਟਨਾਵਾਂ ਤੇ ਪ੍ਰਤੀਕਰਮ ਪੇਸ਼ ਕਰਦਾ ਹੈ। ਸਾਮਿਅਕ ਘਟਨਾਵਾਂ ਵਿਚ ਪੰਜਾਬ ਦੁਖਾਂਤ ਇਕ ਅਜਿਹਾ ਸੰਤਾਪ ਹੈ ਜਿਸ ਦੇ ਸੇਕ ਤੋਂ ਕੋਈ ਪੰਜਾਬੀ ਬਚਿਆ ਨਹੀਂ ਰਹਿ ਸਕਿਆ। ਕਵੀ ਮਨ ਵੀ ਇਸ ਦੁਖਾਂਤ ਦੇ ਵਿਭਿੰਨ ਪਸਾਰਾਂ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ

ਕਰਦਾ ਹੈ। ਪਰੰਤੂ ਪ੍ਰਮੁੱਖਤਾ ਇਸ ਦੇ ਦੁਖਾਂਤਕ ਪ੍ਰਭਾਵਾਂ ਨੂੰ ਚਿਤਰਣ ਵਿਚ ਹੀ ਮਿਲੀ ਹੈ।

ਸਹਿਮ ਗਿਆ ਹੈ ਚੌਗਿਰਦਾ,
ਵਕਤ ਨੇ ਸੂਲੀ ਟੰਗੇ ਲੋਕ।

ਸੰਬੋਧਨੀ ਅਤੇ ਪ੍ਰੇਰਨਾਮਈ ਸੁਰ ਵਿਚ ਲਿਖੀਆਂ ਇਨ੍ਹਾਂ ਕਵਿਤਾਵਾਂ ਵਿਚ ਕਿਤੇ-ਕਿਤੇ ਵਿਚਾਰਧਾਰਕ ਅਸਪਸ਼ਟਤਾ ਤੇ ਅੰਤਰ ਵਿਰੋਧ ਵੇਖਣ ਨੂੰ ਮਿਲਦੇ ਹਨ। ਇਸ ਦਾ ਪ੍ਰਮੁੱਖ ਕਾਰਨ ਜਟਿਲ ਸਮਾਜ-ਸਭਿਆਚਾਰਕ ਯਥਾਰਥ ਹੈ ਜਿਸ ਨੂੰ ਸਮਝਣ ਲਈ ਵਿਗਿਆਨਕ ਵਿਧੀ ਲੋੜੀਂਦੀ ਹੈ। ਇਸ ਦੇ ਅਭਾਵ ਵਿਚ ਅੰਤਰਮੁਖਤਾ, ਨਿੱਜਗਤ ਅਨੁਭਵ ਅਤੇ ਸਵੈ-ਕੇਂਦਰਿਤ ਆਪਾ ਹੀ ਵਾਰ-ਵਾਰ ਪ੍ਰਗਟ ਹੁੰਦਾ ਹੈ। ਜਦ ਵੀ ਕਵੀ ਨਿੱਜੀ ਖੋਲ ਵਿਚੋਂ ਬਾਹਰ ਨਿਕਲਦਾ ਹੈ ਤਦ ਵਧੀਆ ਕਵਿਤਾ ਸਿਰਜੀ ਜਾਂਦੀ ਹੈ। 'ਸੂਰਮੇ' ਇਸ ਸੰਗ੍ਰਹਿ ਦੀ ਉੱਤਮ ਕਵਿਤਾ ਹੈ ਜਿਹੜੀ ਸਮੇਂ ਦੇ ਸੱਚ ਨੂੰ ਕਲਿਆਣਕਾਰੀ ਦ੍ਰਿਸ਼ਟੀ ਤੋਂ ਕਲਾਤਮਕ ਢੰਗ ਨਾਲ ਪੇਸ਼ ਕਰਦੀ ਹੈ। ਅੰਤਰਮੁਖਤਾ ਅਤੇ ਨਿੱਜਗਤ ਪੀੜਾ ਤੋਂ ਛੁੱਟ ਉਸ ਨੇ ਕੁਝ ਸ਼ਿਅਰ ਪੂੰਜੀਵਾਦੀ ਵਿਵਸਥਾ ਦੀ ਕਾਰਜਸ਼ੀਲਤਾ ਨੂੰ ਪ੍ਰਗਟਾਉਣ ਲਈ ਰਚੇ ਹਨ। ਗ਼ਜ਼ਲਾਂ ਵਿਚ ਵੀ ਰਵਾਇਤੀ-ਰੁਮਾਂਟਿਕ ਅਤੇ ਸਵੈ ਨਾਲ ਸਬੰਧਿਤ ਵਿਚਾਰ ਤੇ ਭਾਵ ਸਾਧਾਰਨ ਅੰਦਾਜ਼ ਵਿਚ ਪੇਸ਼ ਹੋਏ ਹਨ।

ਸੰਧੂ ਨੂੰ ਅਹਿਸਾਸ ਹੈ ਕਿ ਜਮਾਤੀ ਵਿਵਸਥਾ ਵਿਚ ਆਮ ਲੋਕਾਂ ਦੇ ਸੁਪਨੇ ਸਾਕਾਰ ਨਹੀਂ ਹੁੰਦੇ ਅਤੇ ਸੁਪਨਿਆਂ ਅਤੇ ਹਕੀਕਤਾਂ ਵਿਚ ਜ਼ਮੀਨ-ਅਸਮਾਨ ਦਾ ਅੰਤਰ ਹੈ। ਇਸ ਪਿਛੋਕੜ ਵਿਚ ਉਹ ਨਿੱਜੀ ਪੀੜਾਂ ਦੀ ਗੱਲ ਕਰਦਾ ਹੋਇਆ ਜਮਾਤੀ ਵਿਵਸਥਾ ਉੱਪਰ ਭਰਪੂਰ ਵਾਰ ਕਰ ਜਾਂਦਾ ਹੈ। ਉਸ ਨੂੰ ਚੰਗੇਰੇ ਭਵਿੱਖ ਦੀ ਆਸ ਵੀ ਹੈ :

ਇਹੀ ਆਸ਼ਾਵਾਦ ਉਸ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਪੇਸ਼ ਹੋਇਆ ਹੈ :—

ਆਪਣੇ ਘਰ ਦੇ ਖੰਡਰ ਤੱਕ ਕੇ ਨਾ ਘਬਰਾ,
ਹਿੰਮਤ ਕਰਕੇ ਇਹਨਾਂ ਨੂੰ ਆਬਾਦ ਕਰੀਂ।

ਅਨੂਪ ਸਿੰਘ (ਡਾ.)

---

## ਪ੍ਰਸ਼ਨ ਮਾਲਾ....../ਨ੍ਰਿਪਇੰਦਰ ਰਤਨ

ਕਿਸ ਨੇ ਖ਼ੂਨੀ ਕਰ ਦਿੱਤੀ ਹੈ ਉਹ ਸਮਸ਼ੀ, ਦਿੱਤੀ ਸੀ ਜੋ ਮੁਰਸ਼ਿਦ ਨੇ ਮਜ਼ਲੂਮਾਂ ਲਈ ?
ਕਿਸੇ ਨੇ ਘੋਲੀ ਜ਼ਹਿਰ ਉਸ ਮਿਠਾਸ ਵਿਚ, ਲੈਂਦੇ ਸਨ ਜੋ ਸਾਰੇ ਅੰਮ੍ਰਿਤ ਜਾਣ ਕੇ ?

ਕਿਥੇ ਗਿਆ ਬਿਬੇਕ ਗਾਤਰਾ ਧਾਰਨ ਦਾ, ਜੋ ਬਣਿਆ ਹੈ ਬਿੰਬ ਹੁਣ ਬਸ ਦਹਿਸ਼ਤ ਦਾ ?
ਕੌਣ ਕਹੇਗਾ 'ਸੰਤ ਸਿਪਾਹੀ' ਹੁਣ ਉਸ ਨੂੰ, ਧਾਰ ਲਿਆ ਜਿਸ ਰੂਪ ਖ਼ੂਨੀ ਵਹਿਸ਼ਤ ਦਾ ?

ਚਾਰੋਂ ਕੂੰਟਾਂ ਵਿਚ ਜੋ ਸਰਦਾਰੀ ਸੀ, ਕਿਸ ਨੇ ਰੋਲੀ ਆਪਣੇ ਹੱਥੀਂ ਪੈਰਾਂ ਵਿਚ ?
ਹਰ ਪਾਸੇ ਸਿਰ ਉਚੇ ਕਰ ਕੇ ਜੋ ਤੁਰਦੇ ਸਨ, ਅੱਖ ਚੁੱਕਣ ਨਾ ਜੋਗੇ ਉਹ ਹੁਣ ਗੈਰਾਂ ਵਿਚ।

... ... ... ... ... ...



# ਮਿੱਤਰਾਂ ਦੇ ਪੱਤਰ

ਪਿਆਰੇ ਸਾਥੀ ਹਰਭਜਨ,

"ਚਿਰਾਗ਼" ਮਿਲਿਆ—ਦਿੱਖ ਤੇ ਮੈਟਰ ਪੱਖੋਂ ਚੰਗਾ ਲੱਗਾ। ਨਰੋਆ ਤੇ ਸਿਹਤਮੰਦ ! ਪੰਜਾਬੀ ਸਾਹਿਤ ਦੇ ਪੱਤਰਕਾਰੀ ਸਾਹਿਤ ਵਿਚ ਨਰੋਈ ਸੇਧ ਵਾਲੇ ਪੱਤਰਾਂ-ਪੱਤਰਕਾਵਾਂ ਦੀ ਘਾਟ ਨੂੰ ਇਕ ਹੱਦ ਤੱਕ ਭਰਨ ਦਾ ਸੋਹਣਾ ਸ਼ਲਾਘਾਯੋਗ ਹੰਭਲਾ। ਕਲਾਤਮਿਕ ਪੱਧਰ ਨੂੰ ਉੱਚਾ ਰੱਖਣ ਦਾ ਯਤਨ ਕਰਦੇ ਰਹੋਗੇ, ਇਹ ਵੀ ਵਕਤ ਦੀ ਲੋੜ ਦੀ ਪੂਰਤੀ ਹੈ।

ਅੱਜ ਜਦੋਂ ਬੜਾ ਕੁਝ ਢਹਿ ਢੇਰੀ ਹੋ ਗਿਆ ਹੈ, ਤੇ ਬਹੁਤ ਕੁਝ ਨਿਰਾਸ਼ਾਜਨਕ ਵੀ ਹੈ, ਉਦੋਂ ਜ਼ਿੰਦਗੀ ਨੂੰ, ਸਿਰਜਣਾਤਮਕ ਵਿਗਿਆਨਿਕ ਦ੍ਰਿਸ਼ਟੀ ਨਾਲ ਵੇਖਣ ਵਾਲਿਆਂ ਦੀ ਉਚੇਚੇ ਤੌਰ ਤੇ ਲੋੜ ਹੈ, ਆਸ ਹੈ ਚਿਰਾਗ ਨਵੇਂ ਉਭਰ ਰਹੇ ਲੇਖਕਾਂ ਤੇ ਕਵੀਆਂ ਨੂੰ ਇਸ ਪੱਖੋਂ ਲੋੜੀਂਦੀ ਅਗਵਾਈ ਦੇਣ ਵਿਚ ਸਫਲ ਹੋਵੇਗਾ।

'ਜ਼ਿੰਦਗੀ' ਕਹਾਣੀ ਚੰਗੀ ਹੈ, ਪੜ੍ਹਦਿਆਂ ਪੜ੍ਹਦਿਆਂ ਇਕ ਥਾਂ ਡਰ ਲਗਣ ਲੱਗਾ ਕਿ ਕਲਾਈਮੈਕਸ ਪਿਛੋਂ ਗੜਬੜ ਹੋਣ ਵਾਲੀ ਹੈ, ਪਰ ਮੇਰਾ ਫੁਰਨਾ ਗਲਤ ਨਿਕਲਿਆ, ਤੇ ਕਹਾਣੀਕਾਰ ਨੇ ਕਹਾਣੀ ਦਾ ਅੰਤ ਬੜਾ ਨਰੋਆ ਤੇ ਹਾਂ-ਪੱਖੀ ਕੀਤਾ।

ਪਰ 'ਕਰੀਮਾ' ਕਹਾਣੀ ਬਹੁਤ ਕਮਜ਼ੋਰ ਹੈ—ਕਮਜ਼ੋਰੀ ਉਦੋਂ ਜਨਮ ਲੈਂਦੀ ਹੈ ਜਦੋਂ ਕਰੀਮਾ ਤਿੱਖੇ ਸੂਏ ਨਾਲ ਕੰਨ ਪਾੜ ਦਿੰਦਾ ਹੈ। ਇਥੇ ਕਹਾਣੀਕਾਰ ਨੂੰ ਕਰੀਮੇ ਅੰਦਰ ਦਵੰਦ ਪੈਦਾ ਕਰਨਾ ਚਾਹੀਦਾ ਸੀ, ਇਕ ਵਿਰੋਧੀ ਸੋਚ ਦਾ ਟਕਰਾਓ, ਜਿਸ ਟਕਰਾਓ ਵਿਚੋਂ ਜਿੱਤ ਭਾਵੇਂ ਸੂਈ ਖੋਭਣ ਵਾਲੀ ਸੋਚ ਦੀ ਹੀ ਹੁੰਦੀ/ਜਾਂ ਇਹ ਸਭ ਅਚੇਤ ਤੌਰ ਤੇ ਹੋ ਜਾਂਦਾ, ਕਰੀਮਾ ਸੋਚਾਂ ਵਿਚ ਡੁੱਬ ਜਾਂਦਾ ਤੇ ਉਹਦਾ ਹੱਥ ਬੇਕਾਬੂ ਹੋ ਇਹ ਕਾਰਾ ਕਰ ਦਿੰਦਾ।

ਨਵੀਂ ਪੰਜਾਬੀ ਕਵਿਤਾ—'ਸੰਚਾਰ ਦੀ ਸਮੱਸਿਆ' ਲੇਖ ਦੇ ਸਬੰਧ ਵਿਚ ਬੱਸ ਇਹੋ ਆਖਣਾ ਚਾਹਾਂਗਾ ਕਿ ਪੱਛਮ ਦੇ ਆਧੁਨਿਕ ਕਾਵਿ ਵਿਚ ਉਸਦੀ ਆਪਣੀ ਲਯ ਹੈ, ਉਹਨੂੰ ਮੈਂ ਲਯਾ ਮੁਕਤ ਨਹੀਂ ਸਮਝਦਾ। ਲਯ ਨੂੰ ਕਵਿਤਾ ਦਾ ਬਚਪਨ ਨਹੀਂ ਆਖਿਆ ਜਾ ਸਕਦਾ। ਲਯ, ਸੰਗੀਤਮਈ ਰਵਾਨੀ, ਤਾਂ ਕਾਵਿ ਦਾ ਜ਼ਰੂਰੀ ਅੰਗ ਹਨ, ਮੈਨੂੰ ਤਾਂ ਕਈਆਂ ਵਧੀਆ ਸਾਹਿਤਕਾਰਾਂ ਦੀ ਵਾਰਤਕ ਵੀ ਲਯ-ਬੱਧ ਲੱਗੀ ਹੈ, ਤੇ ਕਈਆਂ ਦੀ ਛੰਦ-ਬੱਧ ਕਵਿਤਾ ਵੀ ਲੈ-ਮੁਕਤ। ਲਯ ਦੀ ਵਿਆਖਿਆ ਮੁਸ਼ਕਲ ਹੈ। ਜਿਵੇਂ ਕਈਆਂ ਦੇ ਬੋਲਾਂ ਵਿਚ ਵੀ ਲਯ ਦਾ ਅਨੁਭਵ ਕੀਤਾ ਜਾ ਸਕਦਾ ਹੈ।

ਨਾਲੇ, ਛੰਦ-ਬਧ ਕਵਿਤਾ, ਸਿਰਖੰਡੀ ਕਵਿਤਾ, ਛੰਦ-ਰਹਿਤ ਖੁਲੀ ਕਵਿਤਾ (ਫਰੀਵਰਸ) ਅਤੇ ਵਾਰਤਕ ਕਾਵਿ (ਪਰੋਜ਼ ਪੋਇਟਰੀ) ਨੂੰ ਇਕ ਦੂਜੇ ਦੇ ਟਾਕਰੇ ਉੱਤੇ ਰੱਖਣ ਦੀ ਕੋਸ਼ਿਸ਼ ਗ਼ਲਤ ਹੈ। ਹਰ ਇਕ ਦਾ ਆਪਣਾ ਆਪਣਾ ਸਥਾਨ ਹੈ, ਆਪਣਾ ਆਪਣਾ ਰੋਲ ਹੈ, ਵਿਸ਼ਾ ਆਪ ਹੀ ਆਪਣੇ ਰੂਪ ਦੀ ਚੋਣ ਕਰ ਲੈਂਦਾ ਹੈ, ਮੇਰਾ ਤਾਂ ਇਹੋ ਅਨੁਭਵ ਹੈ।

ਆਪ ਦਾ ਸਾਥੀ
ਪਿਆਰਾ ਸਿੰਘ ਸਹਿਰਾਈ

ਪਿਆਰੇ ਹੁੰਦਲ ਜੀ,

ਤੁਹਾਡਾ "ਚਿਰਾਗ" ਮਿਲਿਆ। ਬਹੁਤ ਬਹੁਤ ਧੰਨਵਾਦ। ਸੇਵਾ ਮੁਕਤ ਹੋਣ ਤੋਂ ਬਾਅਦ ਤੁਸੀਂ ਉਪਲਬਧ ਸਮਾਂ ਸਾਹਿਤ ਦੇ ਲੇਖੇ ਲਾਉਣ ਦਾ ਜੋ ਫੈਸਲਾ ਕੀਤਾ ਹੈ ਉਹ ਬਹੁਤ ਸਲਾਹੁਣਯੋਗ ਹੈ।

ਬੁਰਾ ਨਾ ਮਨਾਇਓ ਜੇ ਮੈਂ ਕਹਾਂ ਕਿ ਇਸ ਵਾਰ ਦਾ ਪਰਚਾ ਮੈਨੂੰ ਬਹੁਤਾ ਜਚਿਆ ਨਹੀਂ। ਸਾਰੇ ਲੇਖ ਰਵਾਇਤੀ ਜਿਹੇ ਹਨ। ਅੱਜ ਜਦੋਂ ਸੰਸਾਰ ਵਿਚ ਜ਼ਬਰਦਸਤ ਤਬਦੀਲੀਆਂ ਵਾਪਰ ਰਹੀਆਂ ਹਨ ਜਿਨ੍ਹਾਂ ਦਾ ਸਾਹਿਤ ਉੱਤੇ ਤਕੜਾ ਪ੍ਰਭਾਵ ਪੈ ਰਿਹਾ ਹੈ ਤਾਂ ਅਜਿਹੇ ਲੇਖਾਂ ਨਾਲ ਨਹੀਂ ਸਰਦਾ। ਸਾਹਿਤਕ ਚਿੰਤਨ ਵਿਚ ਉਥਲ ਪੁਥਲ ਮਚੀ ਹੋਈ ਹੈ ਪਰ ਤੁਸੀਂ ਉਸਦਾ ਕੋਈ ਨੋਟਿਸ ਹੀ ਨਹੀਂ ਲਿਆ। ਜਿਵੇਂ ਕੁਝ ਵਾਪਰ ਹੀ ਨਾ ਰਿਹਾ ਹੋਵੇ। ਤੁਹਾਨੂੰ ਚਾਹੀਦਾ ਹੈ ਕਿ ਦਰਪੇਸ਼ ਚੁਨੌਤੀਆਂ ਉੱਤੇ ਭਖਵੀਂ ਬਹਿਸ ਛੇੜੋ ਤਾਂ ਜੋ ਕੋਈ ਨਿਰਨਾ ਹੋ ਸਕੇ ਅਤੇ ਕੋਈ ਦਿਸ਼ਾ ਨਿਰਧਾਰਤ ਹੋਵੇ। ਕਿਸੇ ਨਵੀਂ ਮੰਜ਼ਲ ਦਾ ਥੋਹ ਪਤਾ ਲੱਗੇ।

ਪੁਸਤਕ ਚਰਚਾ ਵੀ ਫੁਸਫੁਸੀ ਜਿਹੀ ਹੈ। ਰੀਵੀਊ ਵਿਚ ਕੋਈ ਗੱਲ ਨਿਖਰਨੀ ਚਾਹੀਦੀ ਹੈ। ਪਰ ਤੁਹਾਡੇ ਪਰਚੇ ਵਿਚ ਪ੍ਰਕਾਸ਼ਤ ਪੁਸਤਕ ਚਰਚਾ ਵਿਚ ਚਾਰੇ ਕੰਨੀਆਂ ਬਚਾ ਕੇ ਤੁਰਨ ਦਾ ਯਤਨ ਕੀਤਾ ਗਿਆ ਹੈ। ਇਸ ਰੁਚੀ ਦਾ ਕਿਸੇ ਨੂੰ ਵੀ ਲਾਭ ਨਹੀਂ ਹੋਣ ਵਾਲਾ।

ਕਹਾਣੀਆਂ ਦਾ ਮਿਆਰ ਵੀ ਕੋਈ ਬਹੁਤਾ ਉੱਚਾ ਨਹੀਂ। ਹੋ ਸਕਦਾ ਹੈ ਕਿ ਪਹਿਲਾ ਪਰਚਾ ਹੋਣ ਕਰਕੇ ਤੁਹਾਨੂੰ ਚੰਗੀਆਂ ਕਹਾਣੀਆਂ ਨਾ ਮਿਲੀਆਂ ਹੋਣ। ਆਸ ਹੈ ਕਿ ਅੱਗੋਂ ਤੁਸੀਂ ਇਸ ਪਾਸੇ ਵਲ ਉਚੇਚਾ ਧਿਆਨ ਦੇਵੋਗੇ।

ਕਵਿਤਾ ਭਾਗ ਵਿਚ ਮੇਜਰ ਪਿਆਰਾ ਸਿੰਘ ਦੀ ਕਵਿਤਾ ਚੰਗੀ ਲੱਗੀ। ਬਾਬਾ ਨਜਮੀਂ ਦੀਆਂ ਗ਼ਜ਼ਲਾਂ ਜ਼ੋਰਦਾਰ ਹਨ। ਤੁਹਾਡਾ ਅਨੁਵਾਦ ਵੀ ਬਹੁਤ ਚੰਗਾ ਹੈ। ਬਾਕੀ ਦੀਆਂ ਕਵਿਤਾਵਾਂ, ਗਜ਼ਲਾਂ ਮੈਨੂੰ ਨਹੀਂ ਜਚੀਆਂ। ਮੇਰਾ ਮਸ਼ਵਰਾ ਹੈ ਕਿ ਜੇਕਰ ਮਿਆਰੀ ਰਚਨਾਵਾਂ ਨਾ ਦਸਤਯਾਬ ਹੋਣ ਤਾਂ ਤੁਸੀਂ ਉੱਤਮ ਕਲਾ ਕਿਰਤਾਂ ਦਾ ਅਨੁਵਾਦ ਛਾਪ ਦਿਆ ਕਰੋ। ਭਰਤੀ ਦੀਆਂ ਰਚਨਾਵਾਂ ਛਾਪਣ ਨਾਲੋਂ ਅਨੁਵਾਦਿਤ ਚੰਗੀਆਂ ਰਚਨਾਵਾਂ ਛਾਪਣਾ ਬਿਹਤਰ ਹੋਵੇਗਾ।

ਮੇਰੀ ਰੀਝ ਹੈ ਕਿ ਤੁਹਾਡਾ ਹਰ ਪਰਚਾ ਅਜਿਹਾ ਹੋਣਾ ਚਾਹੀਦਾ ਹੈ ਕਿ ਜਿਸਦਾ ਪਾਠਕ ਬੇਸਬਰੀ ਨਾਲ ਇੰਤਜ਼ਾਰ ਕਰਨ। ਪਰਚਾ ਮਿਲਣ ਤੇ ਉਸ ਨੂੰ ਸਾਂਭ ਸਾਂਭ ਰੱਖਣ ਅਤੇ ਆਪਣੇ ਦੋਸਤਾਂ ਨਾਲ ਪਰਚੇ ਸਬੰਧੀ ਕਈ ਕਈ ਮਹੀਨੇ ਗੱਲਾਂ ਕਰਦੇ ਰਹਿਣ। ਪਰਚੇ ਨੂੰ ਸੌਗਾਤ ਵਜੋਂ ਆਪਣੇ ਸਨੇਹੀਆਂ ਨੂੰ ਪੇਸ਼ ਕਰਨ।

ਹੁਣ ਜਦੋਂ ਤੁਸੀਂ ਪਰਚਾ ਕੱਢਣ ਦਾ ਹੌਂਸਲਾ ਕਰ ਹੀ ਲਿਆ ਹੈ ਤਾਂ ਜ਼ਰਾ ਹੋਰ



ਜਾਨ ਲੜਾ ਕੇ ਇਸ ਵਿਚ ਵੀ ਜਾਨ ਪਾਓ। ਤਾਂ ਜੋ ਹਰ ਪਰਚਾ ਚੰਗਿਆੜੇ ਛੱਡੇ। ਰੜਕੇ, ਕੁੱਝ ਸੋਚਣ ਲਈ ਮਜਬੂਰ ਕਰੇ। ਕਿਸੇ ਦੀ ਨੀਂਦ ਹਰਾਮ ਕਰੇ।

ਬਹੁਤ ਪਿਆਰ ਨਾਲ।

ਤੁਹਾਡਾ ਹਿਤੂ,

ਪ੍ਰੀਤਮ ਸਿੰਘ, ਈ-49, ਸੈਕਟਰ 14, ਚੰਡੀਗੜ੍ਹ

---

ਪਿਆਰੇ ਹੁੰਦਲ,

'ਚਿਰਾਗ' ਮਿਲਿਆ, ਧੰਨਵਾਦ। ਤੁਹਾਡਾ ਇਹ ਉੱਦਮ ਹਰ ਪੱਖੋਂ ਸ਼ਲਾਘਾਯੋਗ ਹੈ। ਪਹਿਲਾ ਅੰਕ ਹੋਣ ਕਰਕੇ ਇਸ ਵਿਚੋਂ ਤੁਹਾਡਾ ਦ੍ਰਿਸ਼ਟੀਕੋਣ ਪੂਰੀ ਤਰ੍ਹਾਂ ਨਹੀਂ ਉਘੜਦਾ। ਬੇਸ਼ੱਕ ਇਸ ਵਿਚ ਅਗਾਂਹਵਧੂ ਸਾਹਿਤ ਨੂੰ ਪੇਸ਼ ਕਰਨ ਵਾਲੀ ਰੁਚੀ ਪ੍ਰਤੱਖ ਹੈ। ਇਸ ਦੇ ਨਾਲ ਨਾਲ ਇਹ ਵੀ ਸਪਸ਼ਟ ਹੈ ਕਿ ਸਾਹਿਤਕਾਰ ਦੀ ਪ੍ਰਤੀਬੱਧਤਾ ਨੂੰ ਤੁਸੀਂ ਕਾਫੀ ਅਹਿਮੀਅਤ ਦਿੰਦੇ ਹੋ। ਏਥੋਂ ਤਕ ਤਾਂ ਮੈਂ ਤੁਹਾਡੇ ਨਾਲ ਹਾਂ ਕਿਉਂਕਿ ਮੈਂ ਵੀ ਇਹਨਾਂ ਮੰਜ਼ਿਲਾਂ ਤੋਂ ਲੰਘਿਆ ਹਾਂ। ਸਾਹਿਤ ਵਿਚ ਕੋਈ ਮੰਜ਼ਿਲ ਆਖ਼ਰੀ ਮੰਜ਼ਿਲ ਨਹੀਂ ਹੁੰਦੀ। ਇਸੇ ਲਈ ਹੁਣ ਮਾਡਰਨਇਜ਼ਮ ਤੋਂ ਪੋਸਟ-ਮਾਡਰਨਇਜ਼ਮ ਤਕ ਗੱਲ ਜਾ ਪਹੁੰਚੀ ਹੈ।

ਪੰਜਾਬੀ ਸਾਹਿਤ ਨੇ ਵੀ ਇਹਨਾਂ ਤਬਦੀਲੀਆਂ ਦਾ ਪ੍ਰਭਾਵ ਸਮੇਂ ਸਮੇਂ ਸਿਰ ਕਬੂਲਿਆ ਹੈ। ਅਤੇ ਇੰਜ ਸਾਡੇ ਸਾਹਿਤ ਦੀ ਅਮੀਰੀ ਵਿਚ ਵਾਧਾ ਹੋਇਆ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬੀ ਸਾਹਿਤ ਵਿਚ, ਖਾਸ ਕਰਕੇ ਪੰਜਾਬੀ ਨਾਵਲ ਵਿਚ, ਜਿਹੜੀ ਖੜੋਤ ਨਜ਼ਰ ਆ ਰਹੀ ਹੈ, ਉਸਦਾ ਕਾਰਨ ਇਹ ਹੈ ਕਿ ਸਾਡੇ ਨਾਵਲਕਾਰ ਆਪਣੇ ਜੀਵਨ ਅਨੁਭਵ ਨੂੰ ਜਿਵੇਂ ਕਿਵੇਂ ਪੇਸ਼ ਕਰਨ ਦੀ ਕਾਹਲ ਵਿਚ ਹਨ। ਉਹ ਆਪਣੇ ਅਨੁਭਵ ਨੂੰ ਤਰਤੀਬ ਦੇਣ, ਉਸ ਨੂੰ ਕਿਸੇ ਫਾਰਮ ਵਿਚ ਢਾਲਣ ਜਾਂ ਉਸ ਨੂੰ ਮਾਨਵੀ ਕਦਰਾਂ ਕੀਮਤਾਂ ਦੇ ਪਰਿਪੇਖ ਤੋਂ ਦੇਖਣ ਦੀ ਖੇਚਲ ਨਹੀਂ ਕਰਦੇ। ਨਤੀਜਾ ਇਹ ਹੁੰਦਾ ਹੈ ਕਿ ਉਹ ਆਪਣੇ ਤਜਰਬੇ ਵਿਚ ਆਇਆ ਸਭ ਕੁਝ ਬੜੀ ਛੇਤੀ ਛੇਤੀ ਬਿਆਨ ਕਰ ਦੇਣਾ ਚਾਹੁੰਦੇ ਹਨ, ਪਰ ਇਹ ਗਲ ਭੁੱਲ ਜਾਂਦੇ ਹਨ ਕਿ ਸਮੁੱਚੇ ਨਾਵਲ ਦਾ ਪ੍ਰਭਾਵ ਪਾਠਕ ਦੇ ਜ਼ਿਹਨ ਉੱਤੇ ਕਿਸ ਤਰ੍ਹਾਂ ਦਾ ਪਏਗਾ।

ਮੈਂ ਕਿਸੇ ਸਾਹਿਤ ਰਚਨਾ ਵਿਚਲੀ ਸਾਮਗਰੀ ਨੂੰ ਉਸ ਦੇ ਆਕਾਰ ਤੋਂ ਵਧੇਰੇ ਮਹੱਤਵਪੂਰਣ ਸਮਝਦਾ ਹੈ। ਇਹ ਤਾਂ ਹੋ ਹੀ ਨਹੀਂ ਸਕਦਾ ਕਿ ਪਾਠਕ ਕਿਸੇ ਕਲਾ ਕ੍ਰਿਤੀ ਦੇ ਬਾਹਰੀ ਰੂਪ ਨੂੰ ਨਿਹਾਰ ਕੇ ਹੀ ਸੰਤੁਸ਼ਟ ਹੋ ਜਾਏ। ਦੇਖਣਾ ਤਾਂ ਹਮੇਸ਼ਾ ਇਹੀ ਹੁੰਦਾ ਹੈ ਕਿ ਸਾਹਿਤਕਾਰ ਜਾਂ ਕਲਾਕਾਰ ਨੇ ਕਿਹੜੀ ਗਲ ਕਹਿਣ ਦਾ ਉਪਰਾਲਾ ਕੀਤਾ ਹੈ। ਲੇਕਿਨ ਉਹ ਗਲ ਜੇਕਰ ਕਲਾਤਮਕ ਢੰਗ ਨਾਲ ਕਹੀ ਗਈ ਹੋਵੇ ਤਾਂ ਸਾਨੂੰ

ਜ਼ਿਆਦਾ ਪ੍ਰਭਾਵਿਤ ਕਰਦੀ ਹੈ, ਨਹੀਂ ਤੇ ਉਹ ਠੀਕ ਤਰ੍ਹਾਂ ਸਾਡੇ ਤੀਕ ਨਹੀਂ ਪਹੁੰਚਦੀ। ਪਿਛਲੀ ਚੌਥਾਈ ਸਦੀ ਤੋਂ ਮੈਂ ਇਹੀ ਗਲ ਕਹਿੰਦਾ ਆ ਰਿਹਾ ਹਾਂ। ਪਰ ਮੇਰੇ ਸਮਕਾਲੀ ਨਾਵਲਕਾਰ ਅਤੇ ਆਲੋਚਕ ਇਸ ਗ਼ਲਤ-ਫਹਿਮੀ ਵਿਚ ਰਹੇ ਹਨ ਕਿ ਮੈਂ ਆਕ੍ਰਿਤੀ ਨੂੰ ਸਾਮਗਰੀ ਤੋਂ ਜ਼ਿਆਦਾ ਅਹਿਮੀਅਤ ਦਿੰਦਾ ਹਾਂ। ਮੇਰਾ ਤਾਂ ਕੇਵਲ ਇੱਕੋ ਮੱਤ ਹੈ ਕਿ ਕਿਸੇ ਨਾਵਲ ਦਾ ਥੀਮ ਹੀ ਉਸ ਨਾਵਲ ਨੂੰ ਫ਼ਾਰਮ ਬਖ਼ਸ਼ਦਾ ਹੈ, ਜਿੰਨਾ ਚਿਰ ਨਾਵਲਕਾਰ ਦੇ ਜ਼ਿਹਨ ਵਿਚ ਥੀਮ ਨਹੀਂ ਉਘੜੇਗਾ, ਉਸ ਦੀ ਰਚਨਾ ਬੇਸ਼ਕਲ ਰਹੇਗੀ। ਇਸ ਹਾਲਤ ਵਿਚ ਲਿਖਣ ਦਾ ਸਟਾਈਲ ਜਾਂ ਤਕਨੀਕ ਦੀ ਵਰਤੋਂ ਅਕਾਰਥ ਜਾਏਗੀ।

ਹਿਤੂ,

ਨਰਿੰਜਨ ਤਸਨੀਮ (ਲੁਧਿਆਨਾ)

---

○ ਧਰਚਾ ਬਹੁਤ ਖ਼ੂਬਸੂਰਤ ਹੈ, ਗੈੱਟ-ਅੱਪ ਤਾਂ ਬਹੁਤ ਸੁੰਦਰ ਹੈ—ਤ੍ਰੈ ਮਾਸਕ ਪਰਚਿਆਂ ਵਿਚ ਨੇੜ ਭਵਿੱਖ ਵਿਚ ਇਸਦਾ ਵਿਸ਼ੇਸ਼ ਹੋਵੇਗੀ। ਮੈਂ ਜਲਦੀ ਹੀ ਧਰਚੇ ਲਈ ਆਪਨੀ ਕਹਾਣੀ ਭੇਜਾਂਗਾ। ਤੇਰਾ, ਸਵਰਨ ਚੰਦਨ—ਦਿੱਲੀ

○ ਸਾਧਾਰਨ ਕਵਿਤਾਵਾਂ ਦੀ ਭੀੜ ਅਤੇ ਦੋਮ ਦਰਜਾ ਲੇਖਾਂ ਤੋਂ ਸਿਵਾ ਮੇਰੇ ਹੱਥ ਹੋਰ ਕੁਝ ਨਹੀਂ ਲੱਗਾ— ਸ਼ਾਹ ਚਮਨ

○ ਪਹਿਲਾ ਅੰਕ ਹੈ, ਕੇਵਲ ਮੁਬਾਰਕਬਾਦ ਪੇਸ਼ ਕਰਦਾ ਹਾਂ। ਮੈਟਰ ਬਾਰੇ ਕੁਝ ਨਹੀਂ ਕਹਿਣਾ—ਬਾਕੀ ਰਿਸਾਲਿਆਂ ਨਾਲੋਂ ਵਿਲੱਖਣ ਬਣਾ ਸਕੋ ਤਾਂ ਯੋਗਦਾਨ ਹੋਵੇਗਾ, ਨਹੀਂ ਤਾਂ ਸਿਰਜਣਾ ਨੂੰ ਮਾਤ ਪਾਉਣਾ ਔਖਾ ਹੈ। ਜਸਵੰਤ ਸਿੰਘ ਵਿਰਦੀ, ਜਲੰਧਰ

○ ਚਿਰਾਗ ਮਿਲਿਆ। ਇਸ ਸਮੇਂ ਇਸ ਤਰ੍ਹਾਂ ਦੇ ਸਾਹਿਤਕ ਤੇ ਅਰੋਗ ਦ੍ਰਿਸ਼ਟੀ ਵਾਲੇ ਪਰਚਿਆਂ ਦੀ ਲੋੜ ਹੈ। ਉਮੀਦ ਹੈ ਚਿਰਾਗ ਇਸ ਲੋੜ ਨੂੰ ਪੂਰਿਆਂ ਕਰੇਗਾ।

ਡਾ. ਕੇਸਰ ਸਿੰਘ ਕੇਸਰ

○ ਚਿਰਾਗ ਦਾ ਆਵੇਸ਼ ਜਨ-ਸਾਧਾਰਨ ਦੀ ਜਨਵਾਦੀ ਪਹੁੰਚ ਨੂੰ ਉਜਾਗਰ ਕਰਨ ਲਈ ਸਾਹਿਤ ਤੇ ਸੁਹਜ ਦੇ ਖੇਤਰ ਵਿਚ ਇਕ ਸ਼ਲਾਘਾ ਯੋਗ ਕਦਮ ਹੈ, ਮੇਰਾ ਤੇ ਮੇਰੇ ਸੰਗੀ ਸਾਥੀਆਂ ਦਾ ਤੁਹਾਨੂੰ ਭਰਵਾਂ ਹੁੰਗਾਰਾ ਮਿਲੇਗਾ— ਅਵਤਾਰ ਸਾਦਕ, ਇੰਗਲੈਂਡ

○ ਅਮਰਦੀਪ ਗਿੱਲ ਦਾ ਲੇਖ 'ਕਵਿਤਾ ਤੇ ਸੰਚਾਰ' ਉਸ ਵਲੋਂ ਇਹ ਕਹਿਣਾ ਕਿ ਸੌ ਡੇਢ ਸੌ ਸ਼ਾਇਰ ਛਪ ਰਹੇ ਹਨ, ਵੀਹ ਪੱਚੀ ਕਵਿਤਾਵਾਂ ਛਪਵਾ ਕੇ ਕਵੀ ਬਣ ਬਹਿੰਦੇ ਹਨ, ਕੱਚਘਰੜ ਜਿਹਾ ਹੈ, ਦਰੁਸਤ ਨਹੀਂ। ਪਹਿਲੀ ਤਾਂ ਸਾਹਿਤਕ ਲਹਿਰ ਦੀ ਜਦ ਗੱਲ ਕਰੀਏ ਤਾਂ ਜਿਸ ਪਾਸ ਜਿੰਨਾ ਕੁ ਬੋਧ ਹੈ, ਉਹ ਸਾਹਮਣੇ ਆਉਣ ਦੇਣਾ ਚਾਹੀਦਾ ਹੈ, ਨਾ ਸਾਰੇ ਨੇਰੂਦਾ ਜੰਮਣਗੇ, ਨਾ ਜੰਮਦੇ ਹੁੰਦੇ ਨੇ, ਲਹਿਰ ਜਦ ਉੱਠਦੀ ਹੈ ਤਾਂ ਉਸ 'ਚ ਬਹੁਤ ਕੁਝ ਹੁੰਦਾ ਹੈ, ਅਖੀਰ ਕਿਨਾਰੇ ਤੇ ਜਾ ਕੇ ਜੋ ਰਹਿੰਦਾ ਹੈ, ਉਹ ਭਾਵੇਂ ਪਹਿਲੇ



ਨਾਲੋਂ ਬਹੁਤ ਸੀਮਤ ਹੋ ਜਾਂਦਾ ਹੈ, ਪਰ ਪਹਿਲੇ ਦੀ ਬਿਨਾ ਤੇ ਹੀ ਹੁੰਦਾ ਹੈ, ਤੇ ਉਹ ਜੋ ਝੜ ਗਿਆ ਹੁੰਦਾ ਹੈ, ਦਾ ਤੱਤ ਕਿਨਾਰੇ ਲੱਗੀ ਲਹਿਰ ਵਿਚ ਵੀ ਸਮੋਇਆ ਹੁੰਦਾ ਹੈ। ਜੇ ਨਵੀਂ ਪਨੀਰੀ ਕਲਮ ਨੂੰ ਹੱਥ ਪਾ ਕੇ ਤੁਰੀ ਹੈ, ਕਚਘਰੜ ਹੀ ਸਹੀ, ਕੁਝ ਸੇਧ ਤਾਂ ਹੈ। ਜੇ ਖ਼ੁਦ ਨੂੰ ਸੰਵਾਰ ਸੁਧਾਰ ਲੈਣਗੇ, ਠੀਕ, ਨਹੀਂ ਤਾਂ ਰਹਿ ਜਾਣਗੇ। ਸੋ ਅਮਰਦੀਪ ਦੇ ਖ਼ਫ਼ਾ ਹੋਣ ਵਾਲੀ ਗੱਲ ਦਰੁਸਤ ਨਹੀਂ।

ਨਰਭਿੰਦਰ, ਧਟਿਆਲਾ

○ ਹੁਣ ਜਦੋਂ ਕਿ ਵੱਡੇ-ਵੱਡੇ ਬਾਬੇ ਮੈਦਾਨ ਛੱਡ ਗਏ ਹਨ, ਤੁਸੀਂ ਨਿੱਤਰੇ ਹੋ— "ਸਵਾਗਤਮ"! ਨਵੀਂ ਪੀੜ੍ਹੀ ਨੂੰ ਸਾਰਥਕ ਅਤੇ ਯੋਗ ਸਲਾਹ ਦੇਣ ਦੇ ਨਾਲ-ਨਾਲ ਬਣਦੀ ਜਾਇਜ਼ ਥਾਂ ਵੀ ਦੇਵੋਗੇ, ਅਜਿਹੀ ਤੁਹਾਡੇ ਤੋਂ ਉਮੀਦ ਰੱਖਦੇ ਹਾਂ, ਹੁਣ ਵੇਖਦੇ ਹਾਂ ਕਿ ਤੁਸੀਂ ਸਾਡੀ ਉਮੀਦ 'ਤੇ ਕਿੱਥੋਂ ਤੱਕ ਖਰੇ ਉਤਰੋਗੇ?

ਅਮਰ ੀਪ ਗਿੱਲ, ਬਠਿੰਡਾ

——○——

## ਸਤੰਬਰ ਵਿਚ ਹਰ ਸਾਲ/ਬਰਤੋਲਤ ਬ੍ਰੈਖ਼ਤ

ਹਰ ਸਾਲ ਸਤੰਬਰ ਵਿਚ
ਜਦੋਂ ਸਕੂਲ ਆਰੰਭ ਹੁੰਦਾ ਹੈ
ਤਾਂ ਮਾਵਾਂ ਸ਼ਹਿਰ ਦੀਆਂ ਬਾਹਰਲੀਆਂ ਦੁਕਾਨਾਂ ਤੇ
ਆ ਖਲੋਂਦੀਆਂ ਹਨ
ਤੇ ਆਪਣੇ ਬੱਚਿਆਂ ਲਈ
ਪੁਸਤਕਾਂ ਤੇ ਕਾਪੀਆਂ ਖਰੀਦੀਆਂ ਹਨ
ਉਹ ਆਪਣੇ ਪਾਟੇ ਝੋਲਿਆਂ ਚੋਂ
ਆਖਰੀ ਪੈਨੀ ਕੱਢ ਕੇ ਅਦਾ ਕਰਦੀਆਂ ਹਨ
ਤੇ ਨਾਲ ਹੀ ਸ਼ਿਕਾਇਤ ਕਰਦੀਆਂ ਹਨ
ਕਿ ਸਿਖਿਆ ਕਿੰਨੀ ਮਹਿੰਗੀ ਹੁੰਦੀ ਜਾਂਦੀ ਹੈ

ਪਰ ਉਹਨਾਂ ਨੂੰ ਇਸ ਗੱਲ
ਦੀ ਸੂਹ ਨਹੀਂ ਕਿ
ਉਹ ਸਿਖਿਆ ਕਿੰਨੀ ਖਤਰਨਾਕ ਹੈ
ਜਿਹੜੀ ਉਹਨਾਂ ਦੇ ਬੱਚਿਆਂ ਨੂੰ
ਦਿੱਤੀ ਜਾ ਰਹੀ ਹੈ।

(1937)

## ਤ੍ਰੈ-ਮਾਸਿਕ 'ਚਿਰਾਗ' ਦਾ ਰੀਲੀਜ਼ ਸਮਾਗਮ

ਜਲੰਧਰ :—ਪ੍ਰਸਿੱਧ ਜਨਵਾਦੀ ਕਵੀ ਹਰਭਜਨ ਸਿੰਘ ਹੁੰਦਲ ਦੀ ਸੰਪਾਦਨਾ ਹੇਠ ਸ਼ੁਰੂ ਹੋਏ ਤ੍ਰੈ-ਮਾਸਿਕ 'ਚਿਰਾਗ' ਦਾ ਰੀਲੀਜ਼ ਸਮਾਗਮ ਗੁਰੂ ਨਾਨਕ ਦੇਵ ਲਾਇਬਰੇਰੀ ਜਲੰਧਰ ਵਿਚ ਹੋਇਆ, ਜਿਸ ਨੂੰ ਪੰਜਾਬੀ ਕਹਾਣੀ ਦੇ ਪਿਤਾਮਾ ਪ੍ਰਿੰ. ਸੁਜਾਨ ਸਿੰਘ ਨੇ ਰੀਲੀਜ਼ ਕੀਤਾ ! ਪ੍ਰਧਾਨਗੀ ਮੰਡਲ ਵਿਚ ਉਹਨਾਂ ਦੇ ਨਾਲ ਸ੍ਰੀ ਵਰਿਆਮ ਸੰਧੂ, ਡਾ. ਬਲਜੀਤ ਕੌਰ, ਸ੍ਰੀ ਪਾਲ ਸਿੰਘ ਢਿਲੋਂ ਤੇ ਪਰਚੇ ਦੇ ਸੰਪਾਦਕ ਬਿਰਾਜਮਾਨ ਸਨ ।

ਸਾਹਿਤ ਦੇ ਪਿੜ ਵਿਚ 'ਚਿਰਾਗ' ਦੀ ਆਮਦ ਦਾ ਸਵਾਗਤ ਕਰਦਿਆਂ ਪ੍ਰਿੰ. ਸੁਜਾਨ ਸਿਘ ਨੇ ਕਿਹਾ ਕਿ ਹਨੇਰੇ ਵਿਚ ਅਸੀਂ ਰੱਸੀ ਨੂੰ ਸੱਪ ਸਮਝ ਲੈਂਦੇ ਹਾਂ ਤੇ ਸੱਪ ਨੂੰ ਰੱਸੀ ਸਮਝ ਡੰਗ ਮਰਵਾ ਬੈਠਦੇ ਹਾਂ । ਪਰਚੇ ਦੇ ਪਹਿਲੇ ਅੰਕ ਤੋਂ ਹੀ ਆਸ ਬੱਝਦੀ ਹੈ ਕਿ ਇਹ ਉਸ ਹਨੇਰੇ ਵਿਰੁੱਧ ਜੂਝੇਗਾ ।

ਪੰਜਾਬੀ ਦੇ ਸ੍ਰੇਸ਼ਟ ਕਥਾਕਾਰ ਸ੍ਰੀ ਵਰਿਆਮ ਸੰਧੂ ਨੇ ਕਿਹਾ ਕਿ 'ਚਿਰਾਗ' ਨੂੰ ਕੱਟੜਤਾ ਤੋਂ ਬਚਦਿਆਂ ਹੋਇਆਂ ਪ੍ਰਤੀਬੱਧਤਾ ਤੇ ਪਹਿਰਾ ਦੇਣਾ ਚਾਹੀਦਾ ਹੈ । ਪਰਚੇ ਦੇ ਸਹਾਇਕ ਸੰਪਾਦਕ ਸੁਰਜੀਤ ਗਿੱਲ ਨੇ ਕਿਹਾ ਕਿ 'ਚਿਰਾਗ' ਪੰਜਾਬੀ ਸਾਹਿਤ ਦੀ ਪ੍ਰਗਤੀਵਾਦੀ, ਮਾਨਵਵਾਦੀ ਪਰੰਪਰਾ ਤੇ ਚਲਦਿਆਂ ਗ਼ਲਤ ਰੁਝਾਨਾਂ ਵਿਰੁੱਧ ਡੱਟਦਿਆਂ ਇਕ ਮਜ਼ਬੂਤ ਮੰਚ ਦਾ ਕੰਮ ਕਰੇਗਾ ।

ਸ੍ਰੀ ਹਰਭਜਨ ਸਿੰਘ ਹੁੰਦਲ ਨੇ ਕਿਹਾ ਕਿ 'ਚਿਰਾਗ' ਨੂੰ ਜਗਦਾ ਰੱਖਣ ਲਈ, ਸਭ ਤੋਂ ਵੱਧ ਤੇਲ ਪਾਉਣ ਦਾ ਮੌਕਾ ਨੌਜਵਾਨਾਂ ਨੂੰ ਦਿੱਤਾ ਜਾਵੇਗਾ । ਪਰਚੇ ਦੀ ਪੱਧਰ ਵਲੋਂ ਅਵੇਸਲੇ ਨਹੀਂ ਹੋਵਾਂਗੇ । ਪਰਚਾ ਜ਼ਾਤੀ ਕਿੜਾਂ ਤੋਂ ਪਰੇ ਰਹਿ ਜਮਾਤੀ-ਚੇਤਨਾ ਪੈਦਾ ਕਰਦਾ, ਪ੍ਰਗਤੀਵਾਦੀ ਸਾਹਿਤਕ ਲਹਿਰ ਦੀਆਂ ਘਾਟਾਂ ਤੋਂ ਬਚ ਕੇ ਨਰੋਈਆਂ ਰਵਾਇਤਾਂ ਨੂੰ ਅੱਗੇ ਵਧਾਵੇਗਾ । ਡਾ. ਬਲਜੀਤ ਕੌਰ ਨੇ ਪਰਚੇ ਦੀ ਸਫਲਤਾ ਦੀ ਕਾਮਨਾ ਕੀਤੀ ।

ਇਸ ਮੌਕੇ ਤੇ ਹੋਏ ਕਵੀ-ਦਰਬਾਰ ਵਿਚ ਡਾ. ਸੁਹਿੰਦਰ ਬੀਰ, ਸੁਰਜੀਤ ਜੱਜ, ਜੰਗ ਬਹਾਦਰ ਘੁੰਮਣ, ਸੁਰਜੀਤ ਸਾਜਨ, ਵਿਸ਼ਾਲ, ਜਗੀਰ ਕਾਹਲੋਂ, ਹਰਵਿੰਦਰ ਭੰਡਾਲ, ਸ਼ੇਖਰ, ਜਗਜੀਤ ਗਿੱਲ, ਮੱਖਣ ਕੁਹਾੜ, ਸਲੱਖਣ ਸਰਹੱਦੀ, ਗੁਰਚਰਨ ਚੀਮਾਂ, ਸ਼ੁਸ਼ੀਲ ਦੁਸਾਂਝ, ਸੁਰਿੰਦਰ ਸੋਹਲ, ਸ਼ਬਦੀਸ਼, ਜੋਧ ਸਿੰਘ, ਸੁੱਚਾ ਸਿੰਘ ਰੰਧਾਵਾ ਤੇ ਊਧਮ ਸਿੰਘ ਮੌਜੀ ਆਦਿ ਕਵੀਆਂ ਨੇ ਹਿੱਸਾ ਲਿਆ । (ਜਗਦੀਸ਼ ਦਰਦੀ)

## ਜਨਵਾਦੀ ਲੇਖਕ ਸੰਘ ਦੀ ਚੌਥੀ ਰਾਸ਼ਟਰੀ ਕਾਨਫਰੰਸ

ਜਨਵਾਦੀ ਲੇਖਕ ਸੰਘ ਦੀ ਚੌਥੀ ਰਾਸ਼ਟਰੀ ਕਾਨਫਰੰਸ ਮਿਤੀ 10, 11, 12 ਅਕਤੂਬਰ ਨੂੰ ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿਖੇ ਹੋਈ । ਇਹ ਲੇਖਕ ਸੰਘ ਭਾਰਤ ਦੇ ਹਿਦੀ ਤੇ ਉਰਦੂ ਦੇ ਲੇਖਕਾਂ ਦੀ ਜਥੇਬੰਦੀ ਹੈ । ਕਾਨਫਰੰਸ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਡੈਲੀਗੇਟ ਸ਼ਾਮਿਲ ਹੋਏ ਤੇ ਹਿੰਦੀ ਉਰਦੂ ਦੇ ਪ੍ਰਸਿੱਧ ਵਿਦਵਾਨਾਂ ਲੇਖਕਾਂ ਤੋਂ ਬਿਨਾਂ ਨਵੇਂ ਲੇਖਕਾਂ ਦੀ ਵੱਡੀ ਗਿਣਤੀ ਇਸ ਕਾਨਫਰੰਸ ਵਿਚ ਸ਼ਾਮਲ ਹੋਈ ।

10 ਅਕਤੂਬਰ ਸ਼ਾਮ ਨੂੰ ਲੇਖਕਾਂ ਦਾ ਇਕ ਪ੍ਰਭਾਵਸ਼ਾਲੀ ਜਲੂਸ ਟੂਰਿਸਟ ਹੋਟਲ ਤੋਂ ਹੁੰਦਾ ਹੋਇਆ ਰਵਿੰਦਰਾ ਮੰਚ ਤੀਕ ਗਿਆ, ਇਹ ਪ੍ਰਦਰਸ਼ਨ ਫਿਰਕਾਪ੍ਰਸਤੀ ਦੇ ਵਿਰੁੱਧ ਸੀ । ਕਾਨਫਰੰਸ ਵਾਲੇ ਦਿਨ ਸ਼ਹਿਰ ਵਿਚ ਲਾਏ ਗਏ ਇਸ਼ਤਿਹਾਰ ਰਾਜ ਸਰਕਾਰ ਦੇ ਹੁਕਮ ਨਾਲ ਪੜਵਾ ਦਿੱਤੇ ਗਏ ਸਨ । ਸਮਾਰੋਹ ਸਮੇਂ 'ਕਲਾ ਤੇ ਪੋਸਟਰ' ਪਰਦਰਸ਼ਨੀ ਦਾ ਉਦਘਾਟਨ ਸ੍ਰੀਮਤੀ ਮਾਲਾ ਹਾਸ਼ਮੀ ਨੇ ਕੀਤਾ । ਲਘੂ ਪੱਤ੍ਰਿਕਾ ਪਰਦਰਸ਼ਨੀ ਤੇ ਪੁਸਤਕ ਪਰਦਰਸ਼ਨੀ ਦਾ ਉਦਘਾਟਨ ਕਰਮਵਾਰ ਹਿੰਦੀ ਲੇਖਕ ਸਵੈ-ਸਾਚੀ ਤੇ ਰਾਜੇਂਦਰ ਯਾਦਵ ਨੇ ਕੀਤਾ ।

ਸੰਮੇਲਨ ਦਾ ਉਦਘਾਟਨ ਹਿੰਦੀ ਦੇ ਪ੍ਰਸਿੱਧ ਲੇਖਕ ਸ੍ਰੀ ਲਾਲ ਸ਼ੁਕਲ ਨੇ ਕੀਤਾ । ਉਰਦੂ ਦੇ ਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਸ੍ਰੀ ਅਸਗਰ ਅਲੀ ਇੰਜਨੀਅਰ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ । ਪੰਜਾਬੀ ਕਵੀ ਹਰਭਜਨ ਸਿੰਘ ਹੁੰਦਲ ਨੇ ਭਰਾਤਰੀ ਡੈਲੀਗੇਟ ਵਜੋਂ ਕਾਨਫਰੰਸ ਦੀ ਸਫਲਤਾ ਦੀ ਕਾਮਨਾ ਕਰਦਿਆਂ ਪੰਜਾਬ ਦੀ ਸਥਿਤੀ ਤੇ ਪੰਜਾਬੀ ਲੇਖਕਾਂ ਦੇ ਰੋਲ ਬਾਰੇ ਸੰਖੇਪ ਜਾਣਕਾਰੀ ਦਿੱਤੀ ।

ਰਾਤ ਨੂੰ ਹਿੰਦੀ ਉਰਦੂ ਕਵੀ-ਦਰਬਾਰ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਸ੍ਰੀ ਹਰਭਜਨ ਸਿੰਘ ਹੁੰਦਲ ਨੇ ਕੀਤੀ ਤੇ ਮੰਚ-ਸੰਚਾਲਨ ਸ੍ਰੀ ਗੋਂਡਵੀ ਨੇ ਕੀਤਾ । ਇਹ ਕਵੀ ਦਰਬਾਰ ਦੇਰ ਰਾਤ ਤੀਕ ਚਲਦਾ ਰਿਹਾ ।

11 ਅਕਤੂਬਰ ਨੂੰ 'ਨਵੇਂ ਸੰਦਰਭ ਨਵੀਆਂ ਸਾਂਸਕ੍ਰਿਤਕ ਚੁਣੌਤੀਆਂ' ਵਿਸ਼ੇ ਤੇ ਬਹਿਸ ਹੋਈ, ਜਿਸ ਵਿਚ 50 ਦੇ ਕਰੀਬ ਵਿਦਵਾਨਾਂ ਨੇ ਭਾਗ ਲਿਆ । ਇਸ ਵਿਚਾਰ ਚਰਚਾ ਦਾ ਆਰੰਭ ਪ੍ਰਸਿੱਧ ਉਰਦੂ ਵਿਦਵਾਨ ਸ੍ਰੀ ਮੁਹੰਮਦ ਹਸਨ ਨੇ ਕੀਤਾ । ਬਹਿਸ ਸ਼ਾਮ ਦੇ ਸੈਸ਼ਨ ਵਿਚ ਜਾਰੀ ਰਹੀ । ਬਾਰਸ਼ ਕਾਰਨ ਜਨ-ਨਾਟਯ ਮੰਚ ਦਿੱਲੀ ਵਲੋਂ ਖੇਡਿਆ ਜਾਣ ਵਾਲਾ ਪੂਰਾ ਨਾਟਕ ਮੁਲਤਵੀ ਕਰਨਾ ਪਿਆ ।

12 ਤਾਰੀਖ ਨੂੰ ਜਥੇਬੰਦਕ ਵਿਚਾਰਾਂ ਕੀਤੀਆਂ ਗਈਆਂ । ਜਨਰਲ ਸਕੱਤਰ ਸ੍ਰੀ ਓਮ ਪ੍ਰਕਾਸ਼ ਗਰੇਵਾਲ ਨੇ ਪਿਛਲੇ ਸਾਲਾਂ ਦੀਆਂ ਸਰਗਰਮੀਆਂ ਦੀ ਵਿਸਥਾਰ ਪੂਰਵਕ ਰੀਪੋਰਟ ਪੇਸ਼ ਕੀਤੀ । ਇਸ ਉੱਤੇ ਭਰਪੂਰ ਵਿਚਾਰ ਚਰਚਾ ਹੋਈ ਤੇ ਆਉਣ ਵਾਲੇ ਸਮੇਂ ਲਈ ਨਵੇਂ ਅਹੁਦੇਦਾਰਾਂ ਦੀ ਚੋਣ ਉਪਰੰਤ ਇਹ ਕਾਨਫਰੰਸ ਸਫਲਤਾਪੂਰਬਕ ਸਿਰੇ ਚੜ੍ਹੀ । ਲੇਖਕਾਂ ਦੀ ਰਿਹਾਇਸ਼, ਰੋਟੀ ਤੇ ਆਵਾਜਾਈ ਦਾ ਪ੍ਰਬੰਧ ਵਧੀਆ ਸੀ ।

## 'ਕੁਆਰ ਗੰਦਲ' ਤੇ ਗੋਸ਼ਟੀ

ਪੰਜਾਬੀ ਲੇਖਕ ਸਭਾ ਦਿੱਲੀ ਵੱਲੋਂ ਪੰਜਾਬੀ ਅਕਾਦਮੀ ਦਿੱਲੀ ਦੇ ਸਹਿਯੋਗ ਨਾਲ ਸਵਰਨ ਚੰਦਨ ਦੇ ਕਹਾਣੀ ਸੰਗ੍ਰਹਿ 'ਕੁਆਰ ਗੰਦਲ' ਉੱਤੇ ਗੋਸ਼ਟੀ ਦਾ ਪ੍ਰਬੰਧ ਕੀਤਾ ਗਿਆ । ਪ੍ਰਧਾਨਗੀ ਹਿੰਦੀ ਲੇਖਕ ਡਾ: ਰਮੇਸ਼ ਉਪਾਧਿਆਇ ਨੇ ਕੀਤੀ ।

ਡਾ: ਹਰਭਜਨ ਸਿੰਘ ਭਾਟੀਆ, ਡਾ: ਚਮਨ ਪ੍ਰਭਾਕਰ, ਡਾ: ਰਮੇਸ਼ ਉਪਾਧਿਆਏ ਤੇ ਕਹਾਣੀਕਾਰ ਕਿਰਪਾਲ ਕਜ਼ਾਕ ਨੇ ਪਰਚੇ ਪੜ੍ਹੇ। ਪਰਚਿਆਂ ਉੱਤੇ ਹੋਈ ਬਹਿਸ ਵਿਚ ਅਕਾਦਮੀ ਸਕੱਤਰ ਸ੍ਰੀ ਐਸ. ਐਸ. ਬਤਰਾ, ਡਾ: ਕਰਨਜੀਤ ਸਿੰਘ, ਡਾ: ਗੁਰਬਚਨ, ਡਾ: ਫਰੈਂਕ, ਡਾ: ਸੁਖਦੇਵ ਸਿੰਘ ਖਹਿਰਾ, ਡਾ: ਮਨਜੀਤ ਸਿੰਘ, ਦਵਿੰਦਰ ਚੰਦਨ ਤੇ ਹੋਰ ਵਿਦਵਾਨਾਂ ਨੇ ਭਾਗ ਲਿਆ ਤੇ ਇਹਨਾਂ ਸਭ ਨੇ ਸਵਰਨ ਚੰਦਨ ਦੀ ਕਹਾਣੀ-ਕਲਾ ਦੇ ਵੱਖੋ-ਵੱਖਰੇ ਪੱਖਾਂ ਦੀ ਚਰਚਾ ਕੀਤੀ। ਡਾ: ਤਰਲੋਕ ਸਿੰਘ ਕੰਵਰ ਨੇ ਸਵਰਨ ਚੰਦਨ ਦੇ ਨਵੇਂ ਨਾਵਲ, "ਕੰਜਕਾਂ" ਦੀ ਘੁੰਡ-ਚੁਕਾਈ ਕੀਤੀ।

—o—

## ਪੁਸਤਕ ਪ੍ਰਾਪਤੀ

1. ਚੰਦਰੇ ਹਨੇਰੇ (ਕਵਿਤਾ) ਮਨਜੀਤ ਇੰਦਰਾ, ਮੁੱਲ 65/- ਪੰਨੇ 64, ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ, ਲੁਧਿਆਣਾ।
2. ਸਹਿਮੇ ਬਿਰਖ, ਉਦਾਸੇ ਰੰਗ (ਕਵਿਤਾ) ਹਰੀ ਸਿੰਘ ਮੋਹੀ, ਮੁੱਲ 80/- ਪੰਨੇ 80, ਰਵੀ ਪਬਲੀਕੇਸ਼ਨਜ਼, ਕੋਟਕਪੂਰਾ।
3. ਵਰਤਮਾਨ ਦਾ ਜਨਾਜ਼ਾ (ਕਵਿਤਾ) ਤਿੰਨ ਕਵੀਆਂ ਦਾ ਸਾਂਝਾ ਸੰਗ੍ਰਹਿ, ਮੁੱਲ 25/- ਸਫੇ 136, ਲੈਨਿਨ ਕਿਤਾਬ ਘਰ, ਮਹਿਲ ਕਲਾਂ, ਸੰਗਰੂਰ।
4. ਚੇਤਨਾ ਅਵਚੇਤਨਾ (ਗ਼ਜ਼ਲਾਂ) ਬਲਵਿੰਦਰ ਰਿਸ਼ੀ, ਮੁੱਲ 60/- ਪੰਨੇ 112, ਨੈਸ਼ਨਲ ਬੁੱਕ ਸ਼ਾਪ, ਦਿੱਲੀ।
5. ਕਿਰਮਚੀ ਸੁਪਨੇ (ਗ਼ਜ਼ਲਾਂ) ਨਰਿੰਦਰ ਮਾਨਵ, ਮੁੱਲ 35/- ਸਫੇ 80
6. ਹਰਭਜਨ ਸਿੰਘ ਹੁੰਦਲ ਦੀ ਕਾਵਿ-ਸੰਵੇਦਨਾ (ਆਲੋਚਨਾ) ਡਾ. ਅਨੂਪ ਸਿੰਘ, ਮੁੱਲ 60/- ਸਫੇ 128, ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ।
7. ਰਾਤ ਚਾਨਣੀ (ਕਹਾਣੀਆਂ) ਤਲਵਿੰਦਰ ਸਿੰਘ, ਮੁੱਲ 60/- ਪੰਨੇ 128, ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ।
8. ਸਵਾਂਤੀ ਬੂੰਦ (ਗ਼ਜ਼ਲਾਂ) ਹਰਜਿੰਦਰ ਕੰਗ, ਮੁੱਲ 35/- ਸਫੇ 100, ਨਵਜੋਤ ਸਾਹਿਤ ਸੰਸਥਾ ਔੜ, ਜਲੰਧਰ।
9. ਸੂਲੀ ਟੰਗੀਆਂ ਸਾਝਾਂ (ਕਹਾਣੀਆਂ) ਅਵਤਾਰ ਸਾਦਿਕ, ਅਨੂਪਮ ਪ੍ਰਿੰ: ਪ੍ਰੈਸ, ਚਹਾਰ ਬਾਗ਼, ਜਲੰਧਰ।
10. ਕੁਝ ਕਵਿਤਾਵਾਂ, ਜੋਗਿੰਦਰ ਸ਼ਮਸ਼ੇਰ, ਨਵਯੁਗ ਪਬਲਿਸ਼ਰਜ਼, ਦਿੱਲੀ।
11. ਖਲਾਅ 'ਚ ਤਰਦਾ ਚਿਹਰਾ (ਕਵਿਤਾ) ਜਸਬੀਰ ਕਾਲਰਵੀ, ਪੰਜਾਬੀ ਸਾਹਿਤ ਸਭਾ, ਹੁਸ਼ਿਆਰਪੁਰ।




**With best compliments from :**

# FREEDOM SALES

**G. T. Road (Near Canal), AMRITSAR-143001**

Awarded with Gold Medel & Udyog Partra by Vice President of India

CYCLE AIR PUMPS, AIR PUMP'S RUBBER NYLEX TUBINGS, CYCLE'S RUBBER & PLASTIC PARTS, MUDGUARD SCREWS & SEAT BOLTS, CYCLE BELL & PEDALS

Office Phone :
230930, 260846, 230833,
230848, 230849, 231165,
47953.

Resid. Phone :
224453, 220018, 224853,
221500, 62148,
Grams : "FREEDOM"

Only Place in Northern India

CENTRE FOR

PLASTIC COSMETIC AND RECONSTRUCTIVE SURGERY

# BHUPINDER NURSING HOME

Near Central Town Gurdwara Diwan Asthan
Milap Road, Jalandhar-144001.

**Out Standing Features :**

**LIPOSUCTION** To suck out extra deposited **Fat.**

★Figure correcting permanent effect.

★Safe and economical.

**LUECODERMA** Treatment by colour cell Transplantation in stationery white patch. Permanent, safe, and economical.

**RHINOPLASTIES** Correction of nose defecfs of deformities. Desired shape glven to small or large size nose

**Special Features**

★ **Face Lift** Rcmovel of skin wrinkels of face.

★ **Blepheroplasty** Removel of eye bags

★ Shaping of Ears and Lips.
★ Surgery of scars.
★ Face pealing.
★ Surgery of poxmarks.
★ Hair Transplantation.
★ Breast enlargement/ reducfion,
★ Suspension of breast.
★ Treatment of burns.
★ Surgery of burn scars and contractures
★ General reconstructive procedures.

## Dr. B. P. SINGH M.S.

Plastic Cosmetic and Reconstructive Surgeon

Phones : 55828, 221295, 224228